



ਸੱਚ ਤੇ ਨਿਡਰ ਆਵਾਜ਼

# ਰੋਜ਼ਾਨਾ ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਵੀਰਵਾਰ, 26 ਫਰਵਰੀ 2025

Email:- lokbani08@gmail.com




R. N. I. Punpun/29016/2008 ✶ ਸਾਲ 16 , ✶ ਅੰਕ : 253 ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181–2211009 ✶ M : 99155-94111




## ਟਰੰਪ ਪ੍ਰਸ਼ਾਸਨ ਵੱਲੋਂ ਗ਼ੈਰ-ਕਾਨੂੰਨੀ ਪਰਵਾਸੀਆਂ ਲਈ ਰਜਿਸਟਰੇਸ਼ਨ ਪ੍ਰਕਿਰਿਆ ਸ਼ੁਰੂ



ਵਾਸ਼ਿੰਗਟਨ ਲੋਕ ਬਾਣੀ- ਟਰੰਪ ਪ੍ਰਸ਼ਾਸਨ ਨੇ ਅਮਰੀਕਾ 'ਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਦੀ ਰਜਿਸਟਰੇਸ਼ਨ ਲਈ ਪ੍ਰਕਿਰਿਆ ਸ਼ੁਰੂ ਕੀਤੀ ਹੈ। ਅਮਰੀਕੀ ਇਮੀਗਰੇਸ਼ਨ ਅਧਿਕਾਰੀਆਂ ਨੇ ਕਿਹਾ ਕਿ ਜਿਹੜੇ ਲੋਕ ਖ਼ੁਦ ਅੱਗੇ ਨਹੀਂ ਆਉਣਗੇ, ਉਨ੍ਹਾਂ ਨੂੰ ਜੁਰਮਾਨਾ ਜਾਂ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹੋਮਲੈਂਡ ਸਕਿਊਰਿਟੀ ਵਿਭਾਗ ਨੇ ਇਕ ਬਿਆਨ 'ਚ ਕਿਹਾ, ' 'ਅਮਰੀਕਾ 'ਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿਣ ਵਾਲੇ ਹਰੇਕ ਵਿਅਕਤੀ ਨੂੰ ਰਜਿਸਟਰੇਸ਼ਨ ਕਰਵਾ ਕੇ ਫਿੰਗਰਪ੍ਰਿੰਟ ਅਤੇ ਆਪਣਾ ਪਤਾ ਦੇਣਾ ਹੋਵੇਗਾ।"

## ਦੋਸ਼ੀ ਕਰਾਰ ਦਿੱਤੇ ਗਏ ਆਗੂਆਂ 'ਤੇ ਪਾਬੰਦੀ ਦਾ ਅਧਿਕਾਰ ਸਿਰਫ਼ ਸੰਸਦ ਕੋਲ: ਕੇਂਦਰ



ਨਵੀਂ ਦਿੱਲੀ,ਲੋਕ ਬਾਣੀ- ਕੇਂਦਰ ਨੇ ਸੁਪਰੀਮ ਕੋਰਟ 'ਚ ਦਾਖ਼ਲ ਉਸ ਅਰਜ਼ੀ ਦਾ ਵਿਰੋਧ ਕੀਤਾ ਹੈ ਜਿਸ 'ਚ ਦੋਸ਼ੀ ਕਰਾਰ ਦਿੱਤੇ ਗਏ ਸਿਆਸਤਦਾਨਾਂ 'ਤੇ ਉਮਰ ਭਰ ਲਈ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਹੈ। ਕੇਂਦਰ ਨੇ ਸੁਪਰੀਮ ਕੋਰਟ 'ਚ ਹਲਫ਼ਨਾਮਾ ਦਾਖ਼ਲ ਕਰਦਿਆਂ ਕਿਹਾ ਕਿ ਆਗੂਆਂ ਨੂੰ ਅਯੋਗ ਠਹਿਰਾਉਣ ਦਾ ਮਾਮਲਾ ਸਿਰਫ਼ ਸੰਸਦ ਦੇ ਅਧਿਕਾਰ ਖੇਤਰ 'ਚ ਆਉਂਦਾ ਹੈ। ਸਿਖਰਲੀ ਅਦਾਲਤ 'ਚ ਦਾਖ਼ਲ ਹਲਫ਼ਨਾਮੇ 'ਚ ਕੇਂਦਰ ਨੇ ਕਿਹਾ ਕਿ ਅਰਜ਼ੀ 'ਚ ਜੋ ਅਪੀਲ ਕੀਤੀ ਗਈ ਹੈ, ਉਹ ਵਿਧਾਨ ਨੂੰ ਮੁੜ ਤੋਂ ਲਿਖਣ ਜਾਂ ਸੰਸਦ ਨੂੰ ਇਕ ਵਿਸ਼ੇਸ਼ ਢੰਗ ਨਾਲ ਕਾਨੂੰਨ ਬਣਾਉਣ ਦੇ ਨਿਰਦੇਸ਼ ਦੇਣ ਦੇ ਤੁੱਲ ਹੈ

## ਸਰਹੱਦ 'ਤੇ ਪਾਕਿਸਤਾਨੀ ਘੁਸਪੈਠੀਆ ਹਲਾਕ



ਪਠਾਨਕੋਟ, ਲੋਕ ਬਾਣੀ- ਬੀਐੱਸਐੱਫ ਜਵਾਨਾਂ ਨੇ ਪਠਾਨਕੋਟ ਦੇ ਬਮਿਆਲ ਸੈਕਟਰ ਵਿੱਚ ਕੌਮਾਂਤਰੀ ਸਰਹੱਦ ਨੇੜੇ ਬੀਓਪੀ ਤਾਸ਼ ਪੱਤਣ 'ਤੇ ਘੁਸਪੈਠ ਦੀ ਕੋਸ਼ਿਸ਼ ਨਾਕਾਮ ਕਰਦਿਆਂ ਇੱਕ ਪਾਕਿਸਤਾਨੀ ਘੁਸਪੈਠੀਏ ਨੂੰ ਮਾਰ ਮੁਕਾਇਆ। ਇਹ ਘਟਨਾ ਬਾਰਡਰ ਆਊਟਪੋਸਟ ਤਾਸ਼ ਪੱਤਣ ਦੇ ਪਿੱਲਰ ਨੰਬਰ 10 ਅਤੇ 12 ਦਰਮਿਆਨ ਤੜਕੇ 6 ਵਜੇ ਦੀ ਹੈ। ਤਲਾਸ਼ੀ ਲੈਣ 'ਤੇ ਉਸ ਕੋਲੋਂ ਪਾਕਿਸਤਾਨੀ ਕਰੰਸੀ ਦੇ 10 ਰੁਪਏ ਦੇ ਦੋ ਅਤੇ 100 ਰੁਪਏ ਦਾ ਇੱਕ ਨੋਟ ਮਿਲਿਆ ਹੈ।

## ਸਰਹੱਦੀ ਖੇਤਰ 'ਚੋਂ ਦੋ ਡਰੋਨ ਅਤੇ ਪਿਸਤੌਲ ਬਰਾਮਦ



ਅੰਮ੍ਰਿਤਸਰ, ਲੋਕ ਬਾਣੀ- ਬੀਐੱਸਐੱਫ ਨੇ ਅੰਮ੍ਰਿਤਸਰ ਸਰਹੱਦੀ ਖੇਤਰ ਵਿੱਚ ਤਿੰਨ ਵੱਖ-ਵੱਖ ਥਾਵਾਂ 'ਤੇ ਚਲਾਈਆਂ ਗਈਆਂ ਮੁਹਿੰਮਾਂ ਦੌਰਾਨ ਦੋ ਆਧੁਨਿਕ ਪਿਸਤੌਲਾਂ, ਗੋਲੀਆਂ ਤੇ ਦੋ ਡਰੋਨ ਬਰਾਮਦ ਕੀਤੇ ਹਨ। ਬੀਐੱਸਐੱਫ ਦੇ ਅਧਿਕਾਰੀ ਨੇ ਦੱਸਿਆ ਕਿ ਬੀਤੀ ਰਾਤ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਪਿੰਡ ਬੱਲੜਵਾਲ ਨੇੜੇ ਚਲਾਈ ਗਈ ਤਲਾਸ਼ੀ ਮੁਹਿੰਮ ਦੌਰਾਨ ਖੇਤਾਂ 'ਚੋਂ ਇੱਕ ਬੈਗ ਬਰਾਮਦ ਹੋਇਆ, ਜਿਸ 'ਚੋਂ ਦੋ ਪਿਸਤੌਲ ਅਤੇ ਉਨ੍ਹਾਂ ਦੀਆਂ ਚਾਰ ਗੋਲੀਆਂ ਬਰਾਮਦ ਹੋਈਆਂ। ਇਹ ਦੋਵੇਂ ਪਿਸਤੌਲ ਤੁਰਕੀ ਦੇ ਬਣੇ ਹੋਏ ਹਨ। ਇੱਕ ਹੋਰ ਮੁਹਿੰਮ ਤਹਿਤ ਪਿੰਡ ਖਾਣਵਾਲ 'ਚੋਂ ਇੱਕ ਡਰੋਨ ਬਰਾਮਦ ਹੋਇਆ ਹੈ।

## ਗੈਸ ਟੈਂਕਰ ਦੇ ਕੈਬਿਨ 'ਚ ਅੱਗ ਲੱਗਣ ਕਾਰਨ ਡਰਾਈਵਰ ਜ਼ਿੰਦਾ ਸੜਿਆ



ਰਾਮਾਂ ਮੰਡੀ, ਲੋਕ ਬਾਣੀ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦੇ ਐਸਪੀਸੀਐਲ ਪਲਾਂਟ ਫੁਲੋਖਾਰੀ ਗੇਟ ਦੇ ਬਾਹਰ ਬੀਤੀ ਦੇਰ ਰਾਤ ੧ ਵਜੇ ਦੇ ਕਰੀਬ ਪ੍ਰਾਈਵੇਟ ਪਾਰਕਿੰਗ ਵਿਚ ਖੜ੍ਹੇ ਇਕ ਗੈਸ ਟੈਂਕਰ ਦੇ ਕੈਬਿਨ ਵਿਚ ਅਚਾਨਕ ਅੱਗ ਲੱਗ ਗਈ, ਜਿਸ ਕਾਰਨ ਕੈਬਿਨ ਵਿਚ ਸੁੱਤਾ ਪਿਆ ਡਰਾਈਵਰ ਜ਼ਿੰਦਾ ਸੜ ਗਿਆ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਘਟਨਾ ਸਮੇਂ ਰਿਫਾਇਨਰੀ ਦੀ ਫਾਇਰ ਬ੍ਰਿਗੇਡ ਅਤੇ ਫਾਇਰ ਟੀਮ ਵੱਲੋਂ ਫੋਮ ਟੈਂਕਰ ਰਾਹੀਂ ਅੱਗ 'ਤੇ ਕਾਬੂ ਪਾ ਲਿਆ ਗਿਆ, ਪਰ ਉਦੋਂ ਤੱਕ ਡਰਾਈਵਰ ਬੁਰੀ ਤਰ੍ਹਾਂ ਸੜ ਚੁੱਕਿਆ ਸੀ।

## ਨਸ਼ੇ ਦੀਆਂ ਗੋਲੀਆਂ ਸਣੇ ਕਾਬੂ





ਲਹਿਰਾਗਾਗਾ, ਲੋਕ ਬਾਣੀ-ਪੁਲੀਸ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਮੁਹਿੰਮ ਅਧੀਨ ਕੀਤੀ ਕਾਰਵਾਈ ਦੌਰਾਨ ਇੱਕ ਜਣੇ ਕੋਲੋਂ ਨਸ਼ੇ ਦੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ। ਸਿਟੀ ਪੁਲੀਸ ਦੇ ਐੱਸਐੱਚਓ ਗੁਰਦੇਵ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਜਸਵੀਰ ਸਿੰਘ ਦੀ ਅਗਵਾਈ ਹੇਠ ਗਸ਼ਤ ਦੌਰਾਨ ਇਕ ਸ਼ੱਕੀ ਨੂੰ ਰੁਕਣ ਦਾ ਇਸ਼ਾਰਾ ਕੀਤਾ। ਇਸ ਦੌਰਾਨ ਉਹ ਰੇਲਵੇ ਲਾਈਨ ਪਾਰ ਕਰ ਕੇ ਖਤਾਨਾਂ ਵੱਲ ਭੱਜ ਗਿਆ ਪਰ ਪੁਲੀਸ ਨੇ ਉਸ ਨੂੰ ਕਾਬੂ ਕਰ ਲਿਆ। ਉਸ ਦੀ ਪਛਾਣ ਮਿੱਠੂ ਉਰਫ ਬਿੱਟੂ ਪੁੱਤਰ ਕੇਵਲ ਸਿੰਘ ਵਾਸੀ ਗਾਗਾ ਵਜੋਂ ਹੋਈ। ਉਸ ਦੀ ਤਲਾਸ਼ੀ ਲੈਣ 'ਤੇ ਨਸ਼ੇ ਦੀਆਂ 210 ਗੋਲੀਆਂ ਬਰਾਮਦ ਕਰ ਕੇ ਪੁਲੀਸ ਨੇ ਕੇਸ ਦਰਜ ਕਰਨ ਉਪਰੰਤ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੁਲੀਸ ਲਾਈਨ ਕੈਂਪਸ ਨੇੜੇ ਮਰਿਆ ਮਿਲਿਆ ਤੇਂਦੂਆ



ਚੰਡੀਗੜ੍ਹ, ਲੋਕ ਬਾਣੀ- ਪੰਚਕੂਲਾ ਦੇ ਸੈਕਟਰ-25 ਸਥਿਤ ਪੁਲੀਸ ਲਾਈਨ ਕੈਂਪਸ ਦੇ ਪਿੱਛੇ ਇੱਕ ਤੇਂਦੂਆ ਮਰਿਆ ਮਿਲਿਆ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਤੇਂਦੂਏ ਦੀ ਮੌਤ ਭੁੱਖ ਅਤੇ ਬਿਮਾਰੀ ਕਾਰਨ ਹੋਈ ਹੈ। ਇਸ ਬਾਰੇ ਸੂਚਨਾ ਮਿਲਣ ਤੋਂ ਬਾਅਦ ਜੰਗਲਾਤ ਵਿਭਾਗ ਅਤੇ ਪੁਲੀਸ ਦੀ ਟੀਮ ਜਾਂਚ ਲਈ ਮੌਕੇ 'ਤੇ ਪਹੁੰਚੀ। ਜੰਗਲਾਤ ਵਿਭਾਗ ਦੇ ਇੰਸਪੈਕਟਰ ਸੁਰਜੀਤ ਸਿੰਘ ਯਾਦਵ ਨੇ ਦੱਸਿਆ ਕਿ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਦੇਵੀ ਨਗਰ ਭੇਜ ਦਿੱਤਾ ਗਿਆ ਹੈ, ਜਿੱਥੇ ਡਾਕਟਰ ਅਸ਼ਵਨੀ ਨੇ ਤੇਂਦੂਏ ਦੀ ਲਾਸ਼ ਦੀ ਜਾਂਚ ਕਰਨ ਤੋਂ ਬਾਅਦ ਪੋਸਟਮਾਰਟਮ ਕਰਨ ਤੋਂ ਇਨਕਾਰ ਕਰ ਦਿੱਤਾ। ਡਾਕਟਰ ਨੇ ਜੰਗਲਾਤ ਵਿਭਾਗ ਦੀ ਟੀਮ ਨੂੰ ਦੱਸਿਆ ਕਿ ਲਾਸ਼ ਪੂਰੀ ਤਰ੍ਹਾਂ ਸੜ ਚੁੱਕੀ ਸੀ,

## ਕਾਰ ਨੇ ਮੋਟਰਸਾਈਕਲ ਨੂੰ ਮਾਰੀ ਟੱਕਰ; ਇੱਕ ਹਲਾਕ, ਇਕ ਜ਼ਖ਼ਮੀ



ਬਠਿੰਡਾ, ਲੋਕ ਬਾਣੀ --- 26 ਫਰਵਰੀ: ਮਲੋਟ ਰੋਡ 'ਤੇ ਪਿੰਡ ਬੱਲੂਆਣਾ ਦੇ ਨੇੜੇ ਬੀਤੀ ਰਾਤ ਬਠਿੰਡਾ ਤੋਂ ਮਲੋਟ ਵੱਲ ਜਾ ਰਹੀ ਇੱਕ ਤੇਜ਼ ਰਫ਼ਤਾਰ ਬੀਐਮਡਬਲਿਊ BMW ਕਾਰ ਨੇ ਆਪਣੇ ਸਾਹਮਣੇ ਜਾ ਰਹੀ ਬਾਈਕ ਨੂੰ ਜ਼ਬਰਦਸਤ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਮੋਟਰਸਾਈਕਲ ਵੀ ਕਾਰ ਦੇ ਅੰਦਰ ਧਸ ਗਿਆ।

ਇਸ ਭਿਆਨਕ ਟੱਕਰ ਨਾਲ ਬਾਈਕ ਸਵਾਰ ਦੋਵੇਂ ਨੌਜਵਾਨ ਸੜਕ 'ਤੇ ਦੂਰ ਜਾ ਡਿੱਗੇ ਤੇ ਗੰਭੀਰ ਜ਼ਖ਼ਮੀ ਹੋ ਗਏ। ਘਟਨਾ ਦੀ ਜਾਣਕਾਰੀ ਮਿਲਣ 'ਤੇ ਸਮਾਜਸੇਵੀ ਸੰਸਥਾ ਨੌਜਵਾਨ ਵੈਲਫੇਅਰ ਸੁਸਾਇਟੀ ਦੇ ਵਾਲੰਟੀਅਰ ਯਦਵਿੰਦਰ ਕੰਗ, ਐਂਬੂਲੈਂਸ 108 ਅਤੇ ਐੱਸਐੱਸਐਫ ਦੀ ਟੀਮ ਮੌਕੇ 'ਤੇ ਪਹੁੰਚੀ।






# ਪੁਲਿਸ ਮੁਲਾਜ਼ਮਾਂ ਲਈ 10,000 ਰੁਪਏ ਰਿਸ਼ਵਤ ਲੈਣ ਵਾਲਾ ਇੱਕ ਆਮ ਵਿਅਕਤੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ




ਚੰਡੀਗੜ੍ਹ, (ਲੋਕ ਬਾਣੀ) ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਜ਼ਿਲ੍ਹਾ ਸੰਗਰੂਰ ਦੇ ਪਿੰਡ ਝਾੜੋਂ ਦੇ ਵਸਨੀਕ ਇੱਕ ਆਮ ਵਿਅਕਤੀ ਹਰਪ੍ਰੀਤ ਸਿੰਘ ਨੂੰ ਪੁਲਿਸ ਮੁਲਾਜ਼ਮਾਂ ਖਾਤਰ 10000 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਹ ਖੁਲਾਸਾ ਕਰਦਿਆਂ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਤੇ ਇੱਕ ਔਰਤ ਦੁਆਰਾ ਦਰਜ ਕਰਵਾਈ ਗਈ ਔਨਲਾਈਨ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਜਾਂਚ ਦੌਰਾਨ ਇਹ ਪਾਇਆ ਗਿਆ ਕਿ ਮੁਲਜ਼ਮ ਹਰਪ੍ਰੀਤ ਸਿੰਘ ਨੇ ਸੰਗਰੂਰ ਜ਼ਿਲ੍ਹੇ ਦੇ ਥਾਣਾ ਚੀਮਾ ਵਿਖੇ ਦਰਜ ਇੱਕ ਪੁਲਿਸ ਕੇਸ ਵਿੱਚ ਸ਼ਿਕਾਇਤਕਰਤਾ ਤੇ ਉਸਦੇ ਪਰਿਵਾਰਕ ਮੈਂਬਰਾਂ ਦੀ ਮੱਦਦ ਕਰਨ ਬਦਲੇ ਥਾਣੇਦਾਰ (ਐਸਐਚਓ) ਅਤੇ ਜਾਂਚ ਅਧਿਕਾਰੀ ਜਸਬੀਰ ਸਿੰਘ, ਸਹਾਇਕ ਸਬ ਇੰਸਪੈਕਟਰ (ਏਐਸਆਈ) ਵੱਲੋਂ ਸ਼ਿਕਾਇਤਕਰਤਾ ਤੋਂ 60,000 ਰੁਪਏ ਦੀ ਰਿਸ਼ਵਤ ਮੰਗੀ ਸੀ। ਇਹ ਵੀ ਸਿੱਧ ਹੋਇਆ ਕਿ ਉਕਤ ਮੁਲਜ਼ਮ ਸ਼ਿਕਾਇਤਕਰਤਾ ਤੋਂ ਪਹਿਲਾਂ ਹੀ ਉਕਤ ਪੁਲਿਸ ਮੁਲਾਜ਼ਮਾਂ ਲਈ 10,000 ਰੁਪਏ ਲੈ ਚੁੱਕਾ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਉਕਤ ਮੁਲਜ਼ਮ ਅਤੇ ਏਐਸਆਈ ਜਸਬੀਰ ਸਿੰਘ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ ਧਾਰਾ 7 ਅਤੇ 7 ਏ ਅਤੇ ਭਾਰਤੀ ਨਿਆਏ ਸੰਹਿਤਾ (ਬੀਐਨਐਸ) ਦੀ ਧਾਰਾ 61(2) ਤਹਿਤ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਦੌਰਾਨ ਸਬੰਧਤ ਐਸਐਚਓ ਦੀ ਭੂਮਿਕਾ ਦੀ ਜਾਂਚ ਕੀਤੀ ਜਾਵੇਗੀ।

# ਅਮਰੀਕਾ ਤੋਂ ਡਿਪੋਰਟ ਹੋ ਕੇ ਚਾਰ ਹੋਰ ਪੰਜਾਬੀ ਨੌਜਵਾਨ ਅੰਮ੍ਰਿਤਸਰ ਹਵਾਈ ਅੱਡੇ ਉਤੇ ਪੁੱਜੇ



(ਲੋਕ ਬਾਣੀ) ਅਮਰੀਕਾ ਤੋਂ ਉਥੇ ਗੈਰ-ਕਾਨੂੰਨੀ ਤੌਰ ਤੇ ਰਹਿ ਰਹੇ ਭਾਰਤੀਆਂ ਨੂੰ ਲਗਾਤਾਰ ਡਿਪੋਰਟ ਕੀਤਾ ਜਾ ਰਿਹਾ ਹੈ। ਇਹ ਸਿਲਸਿਲਾ ਐਤਵਾਰ ਨੂੰ ਵੀ ਜਾਰੀ ਰਿਹਾ। ਇੱਕ ਜਹਾਜ਼ ਐਤਵਾਰ ਸ਼ਾਮ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੇ ਉਤਰਿਆ। ਜਿਸ ਵਿੱਚ ਅਮਰੀਕਾ ਤੋਂ ਡਿਪੋਰਟ ਕੀਤੇ ਪੰਜਾਬ ਦੇ ਚਾਰ ਨੌਜਵਾਨ ਸਨ। ਜਿਨ੍ਹਾਂ ਵਿੱਚੋਂ ਇੱਕ ਬਟਾਲਾ, ਇੱਕ ਗੁਰਦਾਸਪੁਰ, ਇੱਕ ਜਲੰਧਰ ਅਤੇ ਇੱਕ ਪਟਿਆਲ਼ਾ ਦਾ ਹੈ।

ਇਸ ਵਾਰ ਅਮਰੀਕਾ ਨੇ ਉਨ੍ਹਾਂ ਨੂੰ ਵਿਸ਼ੇਸ਼ ਜਹਾਜ਼ ਰਾਹੀਂ ਨਹੀਂ ਸਗੋਂ ਆਮ ਜਹਾਜ਼ ਰਾਹੀਂ ਭੇਜਿਆ ਹੈ। ਭਾਰਤੀ ਸੁਰੱਖਿਆ ਏਜੰਸੀ ਦੇ ਅਧਿਕਾਰੀ ਇਨ੍ਹਾਂ ਸਾਰਿਆਂ ਤੋਂ ਪੁੱਛਗਿੱਛ ਕਰ ਰਹੇ ਹਨ। ਐਤਵਾਰ ਨੂੰ ਇਕ ਜਹਾਜ਼ ਗੁਪਤ ਰੂਪ ਨਾਲ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਪਹੁੰਚਿਆ। ਜਿੱਥੋਂ ਇੰਡੀਗੋ ਦੀ ਫਲਾਈਟ ਵਿੱਚ ਚਾਰਾਂ ਨੂੰ ਅੰਮ੍ਰਿਤਸਰ ਭੇਜਿਆ ਗਿਆ। ਇਨ੍ਹਾਂ ਵਿੱਚ ਮੌਜੂਦ ਚਾਰੇ ਯਾਤਰੀ ਪੰਜਾਬ ਦੇ ਹੀ ਹਨ। ਜਿਸ ਵਿੱਚ 2 ਯਾਤਰੀ ਬਟਾਲਾ, ਇੱਕ ਪਟਿਆਲਾ ਅਤੇ ਇੱਕ ਜਲੰਧਰ ਤੋਂ ਹੈ।

ਫਿਲਹਾਲ ਇਨ੍ਹਾਂ ਚਾਰਾਂ ਯਾਤਰੀਆਂ ਨੂੰ ਪੰਜਾਬ ਪੁਲਿਸ ਨੇ ਆਪਣੀ ਹਿਰਾਸਤ ਚ ਲੈ ਲਿਆ ਹੈ ਅਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁੱਛਗਿੱਛ ਤੋਂ ਬਾਅਦ ਪੰਜਾਬ ਪੁਲਿਸ ਇਨ੍ਹਾਂ ਨੌਜਵਾਨਾਂ ਨੂੰ ਉਨ੍ਹਾਂ ਦੇ ਘਰ ਛੱਡ ਦੇਵੇਗੀ।

# ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਮੈਂਬਰਸ਼ਿਪ ਮੁੱਦੇ ’ਤੇ ਲੋਕ ਸਭਾ ਸਪੀਕਰ ਵਲੋਂ ਕਮੇਟੀ ਦਾ ਗਠਨ



(ਲੋਕ ਬਾਣੀ) ਭਾਰਤ ਸਰਕਾਰ ਨੇ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਮੈਂਬਰਸ਼ਿਪ ਅਤੇ ਸੈਸ਼ਨ ਤੋਂ ਗੈਰ ਹਾਜ਼ਰੀ ਦੇ ਮੁੱਦੇ ’ਤੇ ਇਕ ਕਮੇਟੀ ਬਣਾਈ ਹੈ। ਲੋਕ ਸਭਾ ਸਪੀਕਰ ਵਲੋਂ ਬਣਾਈ ਗਈ ਇਸ ਕਮੇਟੀ ਨੂੰ ਮਾਮਲੇ ਦੀ ਸਮੀਖਿਆ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸੰਸਦ ਮੈਂਬਰ ਅੰਮ੍ਰਿਤਪਾਲ ਵਲੋਂ ਸਦਨ ਵਿਚ ਸ਼ਾਮਿਲ ਹੋਣ ਦੀ ਮੰਗ ਕਰਨ ਵਾਲੀ ਪਟੀਸ਼ਨ ’ਤੇ ਪੰਜਾਬ-ਹਰਿਆਣਾ ਹਾਈ ਕੋਰਟ ਨੇ ਕੇਂਦਰ ਸਰਕਾਰ ਤੋਂ ਪੁੱਛਿਆ ਸੀ ਕਿ ਕੀ ਸੰਸਦ ਮੈਂਬਰਾਂ ਦੀ ਛੁੱਟੀ ਮਨਜ਼ੂਰ ਕਰਨ ਲਈ ਕੋਈ ਕਮੇਟੀ ਬਣਾਈ ਗਈ ਹੈ ਜਾਂ ਨਹੀਂ। ਇਸ ਸੰਬੰਧੀ ਡਿਵੀਜ਼ਨ ਬੈਂਚ ਨੇ ਐਡੀਸ਼ਨਲ ਸਾਲਿਸਟਰ ਜਨਰਲ ਸੱਤਿਆ ਪਾਲ ਜੈਨ ਨੂੰ ਹਦਾਇਤਾਂ ਲੈਣ ਅਤੇ 25 ਫਰਵਰੀ ਨੂੰ ਅਦਾਲਤ ਨੂੰ ਸੂਚਿਤ ਕਰਨ ਲਈ ਕਿਹਾ ਗਿਆ ਸੀ। ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਲੋਕ ਸਭਾ ਦੀ ਕਾਰਵਾਈ ਵਿਚ ਹਿੱਸਾ ਲੈਣ ਦੀ ਇਜਾਜ਼ਤ ਮੰਗਣ ਲਈ ਪਟੀਸ਼ਨ ਦਾਇਰ ਕੀਤੀ ਸੀ। ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਉਹ 2023 ਤੋਂ ਰਾਸ਼ਟਰੀ ਸੁਰੱਖਿਆ ਐਕਟ ਤਹਿਤ ਅਸਾਮ ਵਿਚ ਨਜ਼ਰਬੰਦ ਹੈ। ਅੰਮ੍ਰਿਤਸਪਾਲ ਦੇ ਵਕੀਲ ਨੇ ਕਿਹਾ ਕਿ ਉਸ ਨੇ ਛੁੱਟੀ ਲਈ ਅਰਜ਼ੀ ਦਿੱਤੀ ਸੀ ਪਰ ਅਜੇ ਤੱਕ ਇਸ ਬਾਰੇ ਕਿਸੇ ਫੈਸਲੇ ਬਾਰੇ ਸੂਚਿਤ ਨਹੀਂ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਅੰਮ੍ਰਿਤਪਾਲ ਸਿੰਘ ਨੇ ਆਪਣੀ ਪਟੀਸ਼ਨ ਵਿਚ ਇਹ ਵੀ ਮੰਗ ਕੀਤੀ ਸੀ ਕਿ ਉਸ ਨੂੰ ਐਮ.ਪੀ. ਲੋਕਲ ਏਰੀਆ ਡਿਵੈਲਪਮੈਂਟ ਸਕੀਮ ਤਹਿਤ ਅਧਿਕਾਰੀਆਂ ਅਤੇ ਮੰਤਰੀਆਂ ਨਾਲ ਮੀਟਿੰਗਾਂ ਵਿਚ ਸ਼ਾਮਿਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ।

# ਕਿਸਾਨ ਆਗੂ ਪੰਧੇਰ ਨੇ 25 ਮਾਰਚ ਨੂੰ ਕਿਸਾਨਾਂ ਦਾ ਜੱਥਾ ਦਿੱਲੀ ਕੂਚ ਕਰਨ ਦਾ ਐਲਾਨ



ਅੰਮ੍ਰਿਤਸਰ : (ਲੋਕ ਬਾਣੀ) ਪਿਛਲੇ ਦਿਨੀ ਕਿਸਾਨਾਂ ਦੀ ਕੇਂਦਰ ਦੇ ਮੰਤਰੀਆਂ ਨਾਲ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਤੋਂ ਬਾਅਦ ਅੱਜ ਅੰਮ੍ਰਿਤਸਰ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਸਰਵਨ ਸਿੰਘ ਪੰਧੇਰ ਵੱਲੋਂ ਅੰਮ੍ਰਿਤਸਰ ਦੇ ਵਿੱਚ ਪ੍ਰੈਸ ਕਾਨਫਰੰਸ ਕੀਤੀ ਗਈ । ਉਨ੍ਹਾਂ ਨੇ ਕਿਹਾ ਕਿ ਕਿਸਾਨਾਂ ਦਾ ਜੱਥਾ ਪਹਿਲਾਂ 20 ਮਾਰਚ ਨੂੰ ਦਿੱਲੀ ਲਈ ਰਵਾਨਾ ਹੋਣਾ ਸੀ ਲੇਕਿਨ ਹੁਣ ਇਹ ਜੱਥਾ 25 ਮਾਰਚ ਨੂੰ ਦਿੱਲੀ ਲਈ ਰਵਾਨਾ ਹੋਵੇਗਾ । ਇਸ ਦੇ ਨਾਲ ਹੀ ਉਹਨਾਂ ਨੇ ਬੋਲਦੇ ਹੋਏ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਕਿਸਾਨਾਂ ਵੱਲੋਂ 12 ਮੰਗਾਂ ਦਾ ਮੰਗ ਪੱਤਰ ਭੇਜਿਆ ਗਿਆ ਹੈ।

# ਸਰਕਾਰੀ ਮੁਲਾਜ਼ਮ ਵਿਧਵਾ ਔਰਤ ਤੋਂ 20000 ਰੁਪਏ ਰਿਸ਼ਵਤ ਲੈਂਦਾ ਗ੍ਰਿਫਤਾਰ

ਚੰਡੀਗੜ੍ਹ (ਲੋਕ ਬਾਣੀ)
ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ ਵਿਚ ਚਲਾਈ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤਹਿਤ ਐਤਵਾਰ ਨੂੰ ਨਗਰ ਕੌਂਸਲ ਮਲੋਟ, ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿਚ ਤਾਇਨਾਤ ਕਲਰਕ ਸੁਰੇਸ਼ ਕੁਮਾਰ ਨੂੰ ਇਕ ਗਰੀਬ ਵਿਧਵਾ ਕੋਲੋਂ 20,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਗ੍ਰਿਫ਼ਤਾਰ ਕੀਤਾ ਹੈ।
ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਮਲੋਟ ਸ਼ਹਿਰ ਨਿਵਾਸੀ ਇੱਕ ਵਿਧਵਾ ਔਰਤ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।
ਉਨਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨਾਲ ਸੰਪਰਕ ਕਰਕੇ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ) ਮਿਸ਼ਨ ਤਹਿਤ ਉਸ ਦਾ ਘਰ ਬਣਾਉਣ ਲਈ ਰਕਮ ਮਨਜ਼ੂਰ ਕਰਵਾਉਣ ਬਦਲੇ ਉਕਤ ਕਲਰਕ ਨੇ 50,000 ਰੁਪਏ ਦੀ ਰਿਸ਼ਵਤ ਮੰਗੀ ਹੈ ਪਰ ਉਸ ਵੱਲੋਂ ਜ਼ੋਰ ਪਾਉਣ ਤੋਂ ਬਾਅਦ ਉਕਤ ਵਿਅਕਤੀ ਇਹ ਰਕਮ ਕਿਸ਼ਤਾਂ ਵਿੱਚ ਲੈਣ ਲਈ ਸਹਿਮਤ ਹੋ ਗਿਆ ਹੈ।
ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਮੁਲਾਜ਼ਮ ਨੂੰ ਸ਼ਿਕਾਇਤਕਰਤਾ ਦੇ ਘਰੋਂ 20,000 ਰੁਪਏ ਦੀ ਪਹਿਲੀ ਕਿਸ਼ਤ ਲੈਂਦੇ ਹੋਏ ਰੰਗੇ ਹੱਥੀਂ ਫੜ ਲਿਆ। ਬਿਊਰੋ ਦੀ ਟੀਮ ਨੇ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਉਕਤ ਮੁਲਜ਼ਮ ਕੋਲੋਂ ਰਿਸ਼ਵਤ ਦੀ ਰਕਮ ਮੌਕੇ 'ਤੇ ਹੀ ਬਰਾਮਦ ਕਰ ਲਈ।
ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਫਿਰੋਜ਼ਪੁਰ ਰੇਂਜ ਥਾਣੇ ਵਿੱਚ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਅਧੀਨ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਇਸ ਕੇਸ ਸਬੰਧੀ ਅਗਲੀ ਤਫ਼ਤੀਸ਼ ਜਾਰੀ ਹੈ।
ਬਿਊਰੋ ਨੇ ਦੁਹਰਾਇਆ ਕਿ ਉਹ ਰਾਜ 'ਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖ਼ਤਮ ਕਰਨ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ ਵੱਲੋਂ ਰਿਸ਼ਵਤ ਦੀ ਮੰਗ ਕਰਨ 'ਤੇ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਦੇ ਵਟਸਐਪ ਨੰਬਰ 9501-200-200 'ਤੇ ਸ਼ਿਕਾਇਤ ਦਰਜ ਕਰਵਾਉਣ।
ਬੁਲਾਰੇ ਨੇ ਇਹ ਵੀ ਸਪੱਸ਼ਟ ਕੀਤਾ ਕਿ ਵਿਜੀਲੈਂਸ ਬਿਊਰੋ ਵੱਲੋਂ ਮਿਲੀਆਂ ਸਭ ਸ਼ਿਕਾਇਤਾਂ ਦੀ ਪੂਰੀ ਤਰ੍ਹਾਂ ਕਾਨੂੰਨੀ ਤਰੀਕੇ ਨਾਲ ਜਾਂਚ ਕੀਤੀ ਜਾਵੇਗੀ ਅਤੇ ਸਬੂਤ ਸਿੱਧ ਹੋਣ ਤੇ ਦੋਸ਼ੀ ਪਾਏ ਜਾਣ ਉਤੇ ਅਜਿਹੇ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਘਰ ਪੁੱਜੇ ਬਿਕਰਮ ਸਿੰਘ ਮਜੀਠੀਆ, ਬੰਦ ਕਮਰਾ ਹੋਈ ਮੀਟਿੰਗ



ਹੁਸ਼ਿਆਰਪੁਰ (ਲੋਕ ਬਾਣੀ) -ਬੀਤੇ ਦਿਨੀਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਦਿੱਤੇ ਗਏ ਅਸਤੀਫੇ ਤੋਂ ਬਾਅਦ ਅੱਜ ਹੁਸ਼ਿਆਰਪੁਰ ਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਘਰ ਬਿਕਰਮ ਸਿੰਘ ਮਜੀਠੀਆ ਪਹੁੰਚੇ। ਜਿੱਥੇ ਬੰਦ ਕਮਰੇ ਵਿਚ ਮੀਟਿੰਗ ਕੀਤੀ ਗਈ ਹੈ।ਮੀਡੀਆ ਨਾਲ ਗੱਲਬਾਤ ਕਰਦਿਆਂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਹਰਜਿੰਦਰ ਸਿੰਘ ਧਾਮੀ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਹਨ। ਉਨ੍ਹਾਂ ਨਾਲ ਮੁਲਾਕਾਤ ਕਰਨ ਲਈ ਹੀ ਉਹ ਹੁਸ਼ਿਆਰਪੁਰ ਪਹੁੰਚੇ ਸਨ। ਇਸ ਨਾਲ ਹੀ ਉਨ੍ਹਾਂ ਨੇ ਸੱਜਣ ਕੁਮਾਰ ਨੂੰ ਉਮਰਕੈਦ ਦੀ ਸਜ਼ਾ ਹੋਣ ਤੇ ਕਿਹਾ ਕਿ ਮਾਣਯੋਗ ਅਦਾਲਤ ਵਲੋਂ ਜੋ ਸਜ਼ਾ ਸੁਣਾਈ ਗਈ ਹੈ, ਉਹ ਉਸਦਾ ਸਵਾਗਤ ਕਰਦੇ ਹਨ। ਨਾਲ ਹੀ ਉਨ੍ਹਾਂ ਕਿਹਾ ਕਿ ਜੇਕਰ ਇਹ ਸ਼ਜਾ ਪਹਿਲਾਂ ਹੋ ਜਾਂਦੀ ਤਾਂ ਪੀੜਤਾਂ ਨੂੰ ਹੋਰ ਵੀ

# ਕੀ ਪੰਜਾਬ ਸਰਕਾਰ ਕਰੇਗੀ ਕੱਚੇ ਮੁਲਾਜ਼ਮਾਂ ਲਈ ਬਣੇ ਐਕਟ 'ਚ ਸੋਧ ?

ਟਾਂਡਾ (ਲੋਕ ਬਾਣੀ) ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਪੰਜਾਬ ਮੰਡਲ ਦਸੂਹਾ ਵਲੋਂ ਕੱਚੇ ਵਰਕਰਾਂ ਦਾ ਵਫ਼ਦ ਵਿਧਾਇਕ ਉੜਮੁੜ ਜਸਵੀਰ ਸਿੰਘ ਰਾਜਾ ਗਿੱਲ ਰਾਹੀਂ ਮਾਣਯੋਗ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਸੌਂਪਿਆ ਗਿਆ।
ਮੰਡਲ ਪ੍ਰਧਾਨ ਜਗੀਰ ਸਿੰਘ ਅਤੇ ਸੀਨੀਅਰ ਮੀਤ ਪ੍ਰਧਾਨ ਮੰਡਲ ਦਸੂਹਾ ਮਹਿੰਦਰਪਾਲ ਜੀ ਨੇ ਮੰਗਾਂ ਸਬੰਧੀ ਵਿਧਾਇਕ ਸਾਹਿਬ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜੰਗਲਾਤ ਵਿਭਾਗ ਪੰਜਾਬ ਅਧੀਨ ਪੰਜਾਬ ਦੇ ਹਜ਼ਾਰਾਂ ਕੱਚੇ ਕਾਮੇ ਪਿਛਲੇ 20-25 ਸਾਲਾਂ ਤੋਂ ਲਗਾਤਾਰ ਹੁਣ ਤੱਕ ਨਿਗੂਣੀ ਤਨਖਾਹਾਂ ਸਿਰਫ਼ 10996 ਰੁਪਏ ਪ੍ਰਤੀ ਮਹੀਨਾ ਉਜਰਤਾਂ ਤੇ ਕੰਮ ਕਰਦੇ ਆਂ ਰਹੇ ਹਨ।
ਜਿਸ ਨਾਲ ਕਿ ਘਰ ਦਾ ਗੁਜ਼ਾਰਾ ਕਰਨਾ ਬਹੁਤ ਮੁਸ਼ਕਲ ਹੁੰਦਾ ਜਾ ਰਿਹਾ ਹੈ ਇਸ ਕਰਕੇ ਜਥੇਬੰਦੀ ਮੰਗ ਕਰਦੀ ਹੈ ਕਿ ਮਹਿੰਗਾਈ ਦਰ ਦੇ ਹਿਸਾਬ ਨਾਲ ਘੱਟ ਤੋਂ ਘੱਟ ਉਜਰਤ 26000 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ।
ਕੱਚੇ ਕਾਮਿਆਂ ਨੂੰ ਕੰਮ ਕਰਦੇ ਸਮੇਂ ਸੱਟ ਲੱਗ ਜਾਣ ਜਾ ਮੌਤ ਹੋ ਜਾਣ ਦੀ ਸੂਰਤ ਵਿੱਚ ਜੀਵਨ ਬੀਮਾ ਕੀਤਾ ਜਾਵੇ ਕਿਉਂਕਿ ਬਹੁਤ ਸਾਰੇ ਸਾਥੀ ਜੰਗਲਾਂ ਵਿੱਚ ਜਾ ਰੋਡ ਉਤੇ ਆਦਿ ਤੇ ਰੁੱਖਾਂ ਦੀ ਸਾਂਭ - ਸੰਭਾਲ ਕਰਦੇ, ਰੁੱਖਾਂ ਦੀ ਪਲਾਂਟੇਸ਼ਨ ਕਰਦੇ ਸਮੇਂ ਜਾ ਜੰਗਲੀ ਜੀਵਾਂ ਨੂੰ ਬਚਾਉਂਦੇ ਸਮੇ , ਕੋਈ ਸੱਪ ਜਾਂ ਜੰਗਲੀ ਕੀੜਾ ਲੜ ਜਾਵੇ ਤਾਂ ਨਾ ਤਾਂ ਸਰਕਾਰ ਵਲੋ ਕੋਈ ਮਾਲੀ ਸਹਾਇਤਾ ਮਿਲਦੀ ਅਤੇ ਨਾ ਹੀ ਵਣ ਵਿਭਾਗ ਵੱਲੋਂ ਕਿਸੇ ਵੀ ਤਰ੍ਹਾਂ ਦੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।
ਵਣ ਨਰਸਰੀਆਂ ਜਾ ਫੀਲਡ ਵਿੱਚ ਕੰਮ ਕਰਦੇ ਕਿਸੇ ਵੀ ਕੱਚੇ ਦਿਹਾੜੀਦਾਰ ਕਾਮਿਆਂ ਨੂੰ ਤਨਖਾਹਾਂ ਸਮੇਂ ਸਿਰ ਦਿੱਤੀਆਂ ਜਾਣ। ਪਾਲਿਸੀ



ਫਾਰ ਵੈਲਫੇਅਰ ਆਫ ਅਡਹਾਕ ਡੇਲੀਵੇਜ਼ ਵਰਕਚਾਰਜ ਟੈਂਪਰੇਰੀ ਇੰਪਲਾਈਜ ਐਕਟ 2023 ਵਿੱਚ ਸੋਧ ਕੀਤੀ ਜਾਵੇ।
ਕਿਉਂਕਿ ਇਸ ਐਕਟ ਦੇ ਮੁਤਾਬਿਕ ਬਹੁਤ ਸਾਰੇ ਘੱਟ ਪੜੇ ਲਿਖੇ ਅਤੇ ਨੌਕਰੀ ਵਿੱਚ ਲਗਾਤਾਰਤਾ ਨਾ ਹੋਣ ਵਾਲੇ ਕਾਮਿਆਂ ਨੂੰ ਇਸ ਐਕਟ ਤੋਂ ਕੋਈ ਲਾਭ ਨਹੀਂ ਮਿਲਦਾ।
ਇਸ ਲਈ ਯੂਨੀਅਨ ਦੀ ਮੰਗ ਹੈ ਕਿ ਇਸ ਐਕਟ ਵਿੱਚ ਸੋਧ ਕੀਤੀ ਜਾਵੇ ਅਤੇ ਪਹਿਲਾਂ ਪੱਕੇ ਕੀਤੇ ਦਰਜਾ ਚਾਰ ਮੁਲਾਜ਼ਮਾਂ ਵਾਂਗ ਨੌਕਰੀ ਦੀ ਸੇਵਾ ਮੁਕਤੀ ਦੀ ਉਮਰ 58 ਸਾਲ ਤੋਂ ਵਧਾ ਕੇ 60 ਸਾਲ ਕੀਤਾ ਜਾਵੇ। ਘੱਟ ਤੋਂ ਘੱਟ ਉਜਰਤ ਕਾਨੂੰਨ ਵਿੱਚ ਸੋਧ ਕੀਤੀ ਜਾਵੇ।
ਵਫ਼ਦ ਨੇ ਵਿਧਾਇਕ ਤੋਂ ਮੰਗ ਕੀਤੀ ਕਿ ਓਹ ਉਨ੍ਹਾਂ ਦੀਆਂ ਮੰਗਾਂ ਨੂੰ ਆਉਂਦੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਜ਼ਰੂਰ ਚੁੱਕਣ। ਵਿਧਾਇਕ ਸਾਹਿਬ ਨੇ ਵਫ਼ਦ ਨੂੰ ਵਿਸ਼ਵਾਸ ਦਿਵਾਇਆ ਕਿ ਓਹ ਉਨ੍ਹਾਂ ਦੀਆਂ ਮੰਗਾਂ ਨੂੰ ਸਰਕਾਰ ਤੱਕ ਜ਼ਰੂਰ ਪਹੁੰਚਾਉਣਗੇ।
ਇਸ ਮੌਕੇ ਮੰਡਲ ਪ੍ਰਧਾਨ ਜਗੀਰ ਸਿੰਘ ਚਾਂਗ ਬਸੋਆ, ਜਰਨਲ ਸਕੱਤਰ ਵਰਿੰਦਰ ਕੁਮਾਰ ਅਸ਼ਰਫਪੁਰ, ਸੀਨੀਅਰ ਮੀਤ ਪ੍ਰਧਾਨ ਮਹਿੰਦਰਪਾਲ ਜੋਗੀਆਨਾ, ਪ੍ਰੈੱਸ ਸਕੱਤਰ ਸ਼ਿਵ ਦਿਆਲ ਪੰਡੋਰੀ ਬੈਂਸਾਂ ਤੇ ਲਵਪ੍ਰੀਤ ਸਿੰਘ ਬੋਦਲ, ਰੇਂਜ ਪ੍ਰਧਾਨ ਬਡਲਾ ਰਾਜੀਵ ਕੁਮਾਰ ਸੰਸਾਰਪੁਰ, ਜਰਨਲ ਸਕੱਤਰ ਲਖਵੀਰ ਸਿੰਘ ਰਾਘੋਵਾਲ, ਸਰਜੀਵਨ ਸਿੰਘ, ਮਲਕੀਤ ਸਿੰਘ ਪਵੇ ਝਿੰਗੜ ਹਾਜ਼ਰ ਸਨ।

# ਪੰਜਾਬ 'ਚ ਸਵਾਈਨ ਫਲੂ ਦਾ ਕਹਿਰ, ਮਿਲੇ ਨਵੇਂ ਕੇਸ



, ਚੰਡੀਗੜ੍ਹ -: (ਲੋਕ ਬਾਣੀ)
ਪੰਜਾਬ ਦੇ ਵਿੱਚ ਇੱਕ ਵਾਰ ਫਿਰ ਸਵਾਈਨ ਫਲੂ ਦੀ ਦਹਿਸ਼ਤ ਵੇਖਣ ਨੂੰ ਮਿਲੀ ਹੈ ਬਠਿੰਡਾ ਤੇ ਦੋ ਪਿੰਡਾਂ ਵਿੱਚ ਦੋ ਕੇਸ ਸਾਹਮਣੇ ਆਏ ਹਨ। ਜਿਸ ਤੋਂ ਬਾਅਦ ਸਿਹਤ ਵਿਭਾਗ ਦੇ ਵੱਲੋਂ ਅਲਰਟ ਜਾਰੀ ਕਰ ਦਿੱਤਾ ਗਿਆ ਹੈ ਅਤੇ ਵੱਖ-ਵੱਖ ਪਿੰਡਾਂ ਵਿੱਚ ਚੈਕਿੰਗ ਮੁਹਿੰਮ ਅਤੇ ਟੈਸਟਿੰਗ ਮੁਹਿੰਮ ਚਲਾ ਦਿੱਤੀ ਗਈ ਹੈ।
ਜਾਣਕਾਰੀ ਦੇ ਮੁਤਾਬਿਕ ਬਠਿੰਡਾ ਦੇ ਭੁੱਚੋ ਮੰਡੀ ਅਤੇ ਭੁੱਚੋ ਖੁਰਦ ਵਿੱਚ ਇੱਕ ਇੱਕ ਕੇਸ ਸਵਾਈਨ ਫਲੂ ਦਾ ਮਿਲਿਆ ਹੈ।
ਦੋਵਾਂ ਮਰੀਜ਼ਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਅਤੇ ਦੋਵਾਂ ਦੇ ਟੈਸਟਿੰਗ ਦੌਰਾਨ ਉਨ੍ਹਾਂ ਵਿੱਚ ਸਵਾਇਨ ਫਲੂ ਦੀ ਪੁਸ਼ਟੀ ਹੋਈ ਹੈ।
ਸਿਵਲ ਸਰਜਨ ਬਠਿੰਡਾ ਡਾਕਟਰ ਗੁਰਜੀਤ ਸਿੰਘ ਨੇ ਦੱਸਿਆ ਕਿ ਬਠਿੰਡਾ ਵਿੱਚ ਦੋ ਮਰੀਜ਼ ਸਵਾਈਨ ਫਲੂ ਨਾਲ ਪੀੜਤ ਪਾਏ ਗਏ ਹਨ ਜਿਨਾਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ, ਦੋਵੇਂ ਖਤਰੇ ਤੋਂ ਬਾਹਰ ਹਨ।

# ਸਕੇਪ ਸਾਹਿਤਕ ਸੰਸਥਾ ਨੇ ਕਰਵਾਇਆ ਕਵੀ ਦਰਬਾਰ ਅਤੇ ਕਿਤਾਬ ਤੋਸ਼ਾਖਾਨਾ ਕੀਤੀ ਲੋਕ ਅਰਪਨ



ਫਗਵਾੜਾ, ( ਸੁਸ਼ੀਲ ਸ਼ਰਮਾ ) ਸਕੇਪ ਸਾਹਿਤਕ ਸੰਸਥਾ (ਰਜਿ:) ਵੱਲੋਂ ਹਰਗੋਬਿੰਦ ਨਗਰ ਫਗਵਾੜਾ ਵਿਖੇ ਮਹੀਨਾਵਾਰ ਕਵੀ ਦਰਬਾਰ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿੱਚ ਸੰਸਥਾ ਪ੍ਰਧਾਨ ਕਮਲੇਸ਼ ਸੰਧੂ , ਪ੍ਰਸਿੱਧ ਲੇਖਿਕਾ ਹਰਪ੍ਰੀਤ ਕੌਰ ਖਾਲਸਾ , ਸ਼ਾਇਰ ਬਲਦੇਵ ਰਾਜ ਕੋਮਲ ਅਤੇ ਕਹਾਣੀਕਾਰ ਰਵਿੰਦਰ ਚੋਟ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਕਹਾਣੀਕਾਰ ਸੰਸਥਾ ਦੇ ਜਨਰਲ ਸਕੱਤਰ ਪਰਵਿੰਦਰ ਜੀਤ ਸਿੰਘ ਨੇ ਆਏ ਹੋਏ ਸਰੋਤਿਆਂ ਨੂੰ ਜੀ ਆਇਆਂ ਨੂੰ ਆਖ ਕੇ ਕੀਤੀ। ਪ੍ਰੋਗਰਾਮ ਦੇ ਸ਼ੁਰੂਆਤ ਵਿੱਚ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਪ੍ਰਸਿੱਧ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਡਾ. ਹਰਪ੍ਰੀਤ ਕੌਰ ਖ਼ਾਲਸਾ ਦੀ ਪੰਜਾਬੀ ਅਤੇ ਅੰਗਰੇਜ਼ੀ ਤਰਜ਼ਮਾ ਪੁਸਤਕ ਤੋਸ਼ਾਖਾਨਾ ਲੋਕ ਅਰਪਨ ਕੀਤੀ। ਇਸ ਸਮੇਂ ਉਹਨਾ ਨਾਲ ਐਡਵੋਕੇਟ ਐਸ.ਐਲ.ਵਿਰਦੀ, ਡਾ. ਵਰਿਆਮ ਸਿੰਘ ਸੰਧੂ, ਲਖਵਿੰਦਰ ਸਿੰਘ ਜੌਹਲ, ਪ੍ਰੋ. ਜਸਵੰਤ ਸਿੰਘ ਗੰਡਮ ਅਤੇ ਪ੍ਰਿੰ. ਗੁਰਮੀਤ ਸਿੰਘ ਪਲਾਹੀ ਹਾਜ਼ਰ ਸਨ। ਇਸ ਉਪਰੰਤ ਵੱਖ-ਵੱਖ ਕਵੀਆਂ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕਰਕੇ ਖ਼ੂਬ ਸਮਾਂ ਬੰਨ੍ਹਿਆਂ ਗਿਆ। ਇਸ ਮੌਕੇ ਅਸ਼ੋਕ ਟਾਂਡੀ ਅਤੇ ਸੀਤਲ ਰਾਮ ਬੰਗਾ ਵੱਲੋਂ ਆਪਣੀਆਂ ਕਹਾਣੀਆਂ ਵੀ ਸਰੋਤਿਆਂ ਨਾਲ਼ ਸਾਂਝੀਆਂ ਕੀਤੀਆਂ ਗਈਆਂ। ਉਰਮਲਜੀਤ ਸਿੰਘ ਵਾਲੀਆਂ ਨੇ ਆਪਣੀ ਉਮਦਾ ਗ਼ਜ਼ਲ ਤਰੰਨੁਮ ਵਿੱਚ ਗਾ ਕੇ ਖ਼ੂਬਸੂਰਤ ਹਾਜ਼ਰੀ ਲਗਵਾਈ ਗਈ। ਹਰਜਿੰਦਰ ਨਿਆਣਾ, ਸੁਬੇਗ ਸਿੰਘ ਹੰਝਰਾਅ, ਸੋਹਣ ਸਹਿਜਲ , ਗੁਰਮੁੱਖ ਲੋਕਪ੍ਰੇਮੀ,ਸੁਖਦੇਵ ਸਿੰਘ ਗੰਢਵਾ, ਬਲਬੀਰ ਕੌਰ ਬੱਬੂ ਸੈਣੀ ਨੇ ਕਵਿਤਾਵਾਂ ਪੇਸ਼ ਕਰ ਕੇ ਸਰੋਤਿਆਂ ਕੋਲੋ ਖ਼ੂਬ ਵਾਹ ਵਾਹ ਖੱਟੀ। ਨਗੀਨਾ ਸਿੰਘ ਬਲੱਗਣ, ਮੋਹਣ ਸਿੰਘ ਭੰਮਰਾ,ਸਿਮਰਤ ਕੌਰ,ਗੁਰਨੂਰ ਕੌਰ,ਬਲਬੀਰ ਸਿੰਘ ਡੁਮੇਲੀ, ਮਹਿੰਦਰ ਸੂਦ ਵਿਰਕ,ਹਰਜਿੰਦਰ ਨਿਆਣਾ ਨੇ ਵੀ ਆਪਣੀਆਂ ਰਚਨਾਵਾਂ ਰਾਹੀਂ ਸਰੋਤਿਆਂ ਨਾਲ਼ ਸਾਂਝ ਪਾਈ। ਇਸ ਮੌਕੇ ਦਵਿੰਦਰ ਸਿੰਘ ਜੱਸਲ, ਜਰਨੈਲ ਸਿੰਘ ਸਾਖੀ, ਆਸ਼ਾ ਰਾਣੀ, ਮੈਡਮ ਸੀਮਾ,ਅਸ਼ੋਕ ਸ਼ਰਮਾ ,ਅਸ਼ੀਸ਼ ਗਾਂਧੀ ,ਪ੍ਰਸਿੱਧ ਲੇਖਕ,ਚਿੰਤਕ ਅਤੇ ਸਮਾਜ ਸੇਵਕ ਐਡਵੋਕੇਟ ਐਸ.ਐਲ .ਵਿਰਦੀ , ਸ੍ਰੀਮਤੀ ਬੰਸੋ ਦੇਵੀ,ਸੋਢੀ ਸੱਤੋਵਾਲੀ,ਵਿਪਨ ਕੁਮਾਰ ਜੈਨ, ਕੇ.ਕੇ. ਕੰਡਾ,ਸੁਖਵਿੰਦਰ ਕੌਰ ਸੁੱਖੀ,ਕਮਲਜੀਤ ਸਿੰਘ,ਅਰਸ਼ਜੋਤ ਕੌਰ,ਸਵਰਨ ਅੱਟਾ,ਸੁਧਾ ਬੇਦੀ, ਮੋਹਣ ਲਾਲ,ਇੰਦਰ ਸਿੰਘ ,ਮਨਦੀਪ ਸਿੰਘ,ਬਬੀਤਾ,ਅਨਮੋਲ ,ਲਸ਼ਕਰ ਢੰਡਵਾੜਵੀ ਆਦਿ ਹਾਜ਼ਰ ਸਨ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਪਰਵਿੰਦਰ ਜੀਤ ਸਿੰਘ ਨੇ ਬਾਖ਼ੂਬੀ ਨਿਭਾਈ ਗਈ।

# ਮਹਾਸ਼ਿਵਰਾਤਰੀ ਦੇ ਸੰਬੰਧ ਵੀ ਆਰ ਸਟਾਈਲ ਸਲੂਨ ਨੇ ਲਗਾਇਆ ਲੰਗਰ




ਫਗਵਾੜਾ (ਸੁਸ਼ੀਲ ਸ਼ਰਮਾ) ਅੱਜ ਮਹਾਸ਼ਿਵਰਾਤਰੀ ਦੇ ਸੰਬੰਧ ਵਿੱਚ ਸ਼ਹਿਰ ਦੇ ਵੱਖ ਵੱਖ
ਮੰਦਰਾਂ ਚ ਸਵੇਰ ਤੋਂ ਹੀ ਭਗਤਾਂ ਵਲੋਂ ਅਪਣੀਆ ਅਪਣੀਆ ਮਨੋਕਾਮਨਾਵਾਂ ਨੂੰ ਪੂਰਾ ਕਰਨ ਅਤੇ ਭਗਵਾਨ ਭੋਲੇ ਨਾਥ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਵੱਖ ਵੱਖ ਤਰ੍ਹਾਂ ਦੇ ਫ਼ਰੂਟ ਅਤੇ ਹੋਰ ਸਮਗਰੀ ਭਗਵਾਨ ਭੋਲੇ ਨਾਥ ਨੂੰ ਭੇਟ ਕੀਤੀ ਗਈ ਇਸੇ ਤਹਿਤ ਸ਼ਹਿਰ ਦੇ ਵੱਖ ਵੱਖ ਖੇਤਰਾਂ ਵਿੱਚ ਤਰ੍ਹਾਂ ਤਰ੍ਹਾਂ ਦੇ ਲੰਗਰ ਲਗਾਏ ਗਏ ਜਿਸ ਤਹਿਤ ਵੀ ਆਰ ਸਟਾਈਲ ਸਲੂਨ ਭਗਤਪੁਰਾ ਭਾਣੋਕੀ ਰੋਡ ਵਿਖੇ ਮਹਾਸ਼ਿਵਰਾਤਰੀ ਦਾ ਪਾਵਨ ਤਿਉਹਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਂਦੇ ਹੋਏ ਲੰਗਰ ਲਗਾਇਆ ਗਿਆ ਇਸ ਮੌਕੇ ਵੀ ਆਰ ਸਟਾਈਲ ਸਲੂਨ ਭਗਤਪੁਰਾ ਦੇ ਮਾਲਕ ਰਾਜ ਕੁਮਾਰ ਰਾਜੂ , ਦਰਸ਼ਨਾਂ ਰਾਣੀ , ਮਨਪ੍ਰੀਤ ਕੌਰ , ਅਮਨ ਵੰਸ , ਲੱਕੀ , ਮਨੀ , ਵਿਰਾਟ , ਲਖਵਿੰਦਰ ਸਿੰਘ , ਡਾ ਰਮਨ , ਵਰਿੰਦਰ ਸਿੰਘ ਕੰਬੋਜ , ਟਿੰਕੂ , ਹੈਰੀ , ਅਜੇ , ਆਦਿ ਮੌਜੂਦ ਸਨ

# ਨਾਗੇਸ਼ਵਰ ਗੁੱਗਾ ਜੀ ਮੰਦਰ ਸਤਨਾਮਪੁਰਾ ਮਹਾਸ਼ਿਵਰਾਤਰੀ ਦਾ ਪਾਵਨ ਤਿਉਹਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ



ਫਗਵਾੜਾ (ਸੁਸ਼ੀਲ ਸ਼ਰਮਾ) ਅੱਜ ਮਹਾਸ਼ਿਵਰਾਤਰੀ ਦੇ ਸੰਬੰਧ ਵਿੱਚ ਸ਼ਹਿਰ ਦੇ ਵੱਖ ਵੱਖ
ਮੰਦਰਾਂ ਚ ਸਵੇਰ ਤੋਂ ਹੀ ਭਗਤਾਂ ਵਲੋਂ ਅਪਣੀਆ ਅਪਣੀਆ ਮਨੋਕਾਮਨਾਵਾਂ ਨੂੰ ਪੂਰਾ ਕਰਨ ਅਤੇ ਭਗਵਾਨ ਭੋਲੇ ਨਾਥ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਵੱਖ ਵੱਖ ਤਰ੍ਹਾਂ ਦੇ ਫ਼ਰੂਟ ਅਤੇ ਹੋਰ ਸਮਗਰੀ ਭਗਵਾਨ ਭੋਲੇ ਨਾਥ ਨੂੰ ਭੇਟ ਕੀਤੀ ਗਈ ਇਸੇ ਤਹਿਤ ਸ੍ਰੀ ਨਾਗੇਸ਼ਵਰ ਗੁੱਗਾ ਜੀ ਮੰਦਰ ਸਤਨਾਮਪੁਰਾ ਫਗਵਾੜਾ ਵਿਖੇ ਮਹਾਸ਼ਿਵਰਾਤਰੀ ਦਾ ਪਾਵਨ ਤਿਉਹਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਇਸ ਮੌਕੇ ਸਵੇਰੇ 11.00 ਵਜੇ ਹਵਨ ਯੱਗ ਦੀ ਰਸਮ ਕੀਤੀ ਗਈ ਇਸ ਤੋਂ ਉਪਰੰਤ ਭਗਵਾਨ ਭੋਲੇ ਨਾਥ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ ਇਸ ਮੌਕੇ ਮੰਦਰ ਕਮੇਟੀ ਪ੍ਰਧਾਨ ਭਜਨ ਬਾਤੀ , ਮੁਕੇਸ਼ ਰੇਖੀ , ਡਾ ਰਮਨ ,ਅਮਰਜੀਤ ਸੈਣੀ , ਸੁਨੀਲ ਪਾਬਲਾ , ਜੀਵਨ ਸੰਘਾ , ਕ੍ਰਿਸ਼ਮਾ , ਪਿਹੂ , ਸੋਨੂੰ ਸੈਣੀ , ਮੋਨੂ ਸੈਣੀ , ਰਣਜੀਤ ਪਾਬਲਾ, ਪੰਡਤ ਦਲੇਰ ਸ਼ਰਮਾ , ਗਗਨ ਕੁਮਾਰ , ਸੋਨਾ , ਭਿੰਦਰ , ਰਮਨ , ਰਿੰਕੂ , ਇਸ ਮੌਕੇ ਖੀਰ ਦਾ ਲੰਗਰ ਲਗਾਇਆ ਗਿਆ

# ਸਰਬ ਨੌਜਵਾਨ ਸਭਾ ਫਗਵਾੜਾ ਵਲੋਂ ਸਮਾਜ ਭਲਾਈ 'ਚ ਪਾਇਆ ਜਾ ਰਿਹਾ ਸ਼ਲਾਘਾਯੋਗ ਯੋਗਦਾਨ - ਮੇਅਰ ਰਾਮਪਾਲ ਉੱਪਲ



ਫਗਵਾੜਾ ( ਸੁਸ਼ੀਲ ਸ਼ਰਮਾ ) ਸਮਾਜ ਸੇਵਾ ਨੂੰ ਸਮਰਪਿਤ ਪੰਜਾਬ ਦੀ ਮਾਣਮੱਤੀ ਸੰਸਥਾ ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਅਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਵਲੋਂ 'ਆਓ ਪੁੰਨ ਕਮਾਈਏ' ਲੜੀ ਤਹਿਤ ਇਕ ਲੋੜਵੰਦ ਬਜੁਰਗ ਦੀ ਅੱਖ ਦਾ ਫਰੀ ਓਪਰੇਸ਼ਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਅਤੇ ਉਦਯੋਗਪਤੀ ਜਤਿੰਦਰ ਸਿੰਘ ਕੁੰਦੀ ਦੇ ਆਰਥਕ ਸਹਿਯੋਗ ਸਦਕਾ ਕਰਵਾਇਆ ਗਿਆ। ਇਸ ਦੌਰਾਨ ਅੱਖਾਂ ਦੇ ਮਾਹਿਰ ਡਾ: ਤੁਸ਼ਾਰ ਅਗਰਵਾਲ ਦੀ ਟੀਮ ਵਲੋਂ ਬਜੁਰਗ ਗੰਗਾ ਸਾਗਰ ਯਾਦਵ ਦੀ ਅੱਖ ਦਾ ਸਫਲ ਆਪ੍ਰੇਸ਼ਨ ਕਰਦਿਆਂ ਲੈਂਜ ਪਾ ਕੇ ਨਵੀਂ ਰੌਸ਼ਨੀ ਦਿੱਤੀ ਗਈ। ਮੁੱਖ ਮਹਿਮਾਨ ਵਜੋਂ ਪਹੁੰਚੇ ਨਗਰ ਨਿਗਮ ਫਗਵਾੜਾ ਦੇ ਮੇਅਰ ਰਾਮਪਾਲ ਉੱਪਲ ਨੇ ਸਭਾ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੋੜਵੰਦਾਂ ਦੀ ਹਰ ਸੰਭਵ ਸੇਵਾ ਅਤੇ ਸਹਾਇਤਾ ਕਰਨਾ ਸਮੂਹ ਸਮਾਜ ਸੇਵੀ ਜੱਥੇਬੰਦੀਆਂ ਦਾ ਮੁਢਲਾ ਫਰਜ਼ ਹੈ। ਹਰੇਕ ਸਮਰੱਥ ਵਿਅਕਤੀ ਨੂੰ ਅਜਿਹੇ ਨੇਕ ਕਾਰਜਾਂ ਵਿਚ ਆਪਣਾ ਯੋਗਦਾਨ ਜ਼ਰੂਰ ਦੇਣਾ ਚਾਹੀਦਾ ਹੈ। ਇਸ ਦੌਰਾਨ ਡਾ: ਤੁਸ਼ਾਰ ਅਗਰਵਾਲ ਨੇ ਅੱਖਾਂ ਦੀ ਸੰਭਾਲ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਅੱਖਾਂ ਦੀ ਸੁਰੱਖਿਆ ਅਤਿ ਜ਼ਰੂਰੀ ਹੈ ਅਤੇ ਸਾਨੂੰ ਅੱਜ ਦੀ ਡਿਜੀਟਲ ਦੁਨੀਆ ਅਤੇ ਮੋਬਾਇਲ ਫੋਨਾ ਦੇ ਯੁੱਗ 'ਚ ਅੱਖਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਅੱਖਾਂ ਦੀ ਕਿਸੇ ਤਕਲੀਫ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ। ਉਹਨਾ ਭਰੋਸਾ ਦਿੱਤਾ ਕਿ ਉਹਨਾਂ ਦਾ ਹਸਪਤਾਲ ਵੱਧ ਤੋਂ ਵੱਧ ਲੋੜਵੰਦਾਂ ਦੀਆਂ ਅੱਖਾਂ ਦਾ ਆਪਰੇਸ਼ਨ ਕਰਵਾਉਣ ਵਿੱਚ ਸਭਾ ਅਤੇ ਸੁਸਾਇਟੀ ਨੂੰ ਸਹਿਯੋਗ ਕਰਦਾ ਰਹੇਗਾ। ਸਮਾਜ ਸੇਵਕ ਮਦਨ ਲਾਲ ਤੇ ਲੈਕਚਰਾਰ ਹਰਜਿੰਦਰ ਗੋਗਨਾ ਨੇ ਵੀ ਸਭਾ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਵੱਧਦਾ ਪ੍ਰਦੂਸ਼ਨ ਅੱਖਾਂ ਲਈ ਬਹੁਤ ਹੀ ਘਾਤਕ ਤਾਂ ਹੈ ਹੀ ਮੋਬਾਇਲ ਦੀ ਵੱਧ ਵਰਤੋਂ ਵੀ ਹਾਨੀਕਾਰਕ ਹੈ। ਇਸ ਲਈ ਸਮੇਂ ਦੀ ਲੋੜ ਹੈ ਕਿ ਪ੍ਰਦੂਸ਼ਨ ਮੁਕਤ ਵਾਤਾਵਰਣ ਸਿਰਜਣ ਵਿਚ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ। ਜਤਿੰਦਰ ਸਿੰਘ ਕੁੰਦੀ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਘੱਟ ਤੋਂ ਘੱਟ ਮੋਬਾਇਲ ਫੋਨ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰਨ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਲੋੜਵੰਦ ਬਜੁਰਗ ਦੀ ਅੱਖ 'ਚ ਫੋਲਡੇਬਲ ਲੈਨਜ ਪਾਇਆ ਗਿਆ ਹੈ। ਸਭਾ ਦੇ ਜਨਰਲ ਸਕੱਤਰ ਡਾ. ਵਿਜੈ ਕੁਮਾਰ ਨੇ ਸਭਾ ਦੇ ਪ੍ਰੋਜੈਕਟਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਸਭਾ ਦੇ ਜਨਰਲ ਸਕੱਤਰ ਡਾ.ਵਿਜੇ ਕੁਮਾਰ, ਆਰ.ਪੀ.ਸ਼ਰਮਾ, ਨਰਿੰਦਰ ਸੈਣੀ, ਗੁਰਦੀਪ ਸਿੰਘ ਤੁਲੀ ਕੋਆਰਡੀਨੇਟਰ ਵਪਾਰ ਸੈਲ ਫਗਵਾੜਾ,ਵਿਨੋਦ ਭਾਸਕਰ ਬਲਾਕ ਪ੍ਰਧਾਨ ਆਪ,ਰਾਕੇਸ਼ ਕੋਛੜ, ਪਿਆਰਾ ਲਾਲ ਚੁੰਬਰ,ਪ੍ਰਵਾਸੀ ਭਾਰਤੀ ਮਦਨ ਲਾਲ ਕੋਰੋਟਾਨਿਆ, ਵਿਕਰਮਜੀਤ ਵਿੱਕੀ,ਮੈਡਮ ਸਪਨਾ ਸ਼ਾਰਦਾ,ਜੀਤ ਰਾਮ ਟਿੱਬੀ, ਸਤੀਸ਼ ਬੰਟੀ ਆਪ ਆਗੂ, ਅਸ਼ੋਕ ਕੁਮਾਰ, ਰਾਜ ਨਰਾਇਣ ਪ੍ਰਧਾਨ ਮਜ਼ਦੂਰ ਸੰਘ ਤੇ ਸੁਖਦੇਵ ਸਿੰਘ ਲੱਲ ਆਦਿ ਹਾਜ਼ਰ ਸਨ।

# ਸ਼੍ਰੀ ਸਵਾਮੀ ਸ਼ੰਕਰ ਨਾਥ ਪਰਬਤ ਮੱਠ ਵਿਖੇ ਮਹਾਂਸ਼ਿਵਰਾਤਰੀ ਦਾ ਤਿਉਹਾਰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ



ਫਗਵਾੜਾ (ਸੁਸ਼ੀਲ ਸ਼ਰਮਾ) ਮਹਾਸ਼ਿਵਰਾਤਰੀ ਦੇ ਸ਼ੁਭ ਮੌਕੇ ਤੇ, ਸ਼੍ਰੀ ਸਵਾਮੀ ਸ਼ੰਕਰ ਨਾਥ ਪਰਬਤ ਚੈਰੀਟੇਬਲ ਐਂਡ ਵੈਲਫੇਅਰ ਟਰੱਸਟ, ਨਕੋਦਰ ਰੋਡ, ਹਦੀਆਬਾਦ, ਫਗਵਾੜਾ ਵਿਖੇ ਇੱਕ ਸਵੇਰ ਦੀ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ। ਜੋ ਧਰਮਸ਼ਾਲਾ ਦੁੱਗਲਾਂ ਤੋਂ ਸ਼ੁਰੂ ਹੋਇਆ ਅਤੇ ਭਗਵਾਨ ਸ਼ਿਵ ਦੀ ਉਸਤਤਿ ਗਾਉਂਦੇ ਹੋਏ ਸ਼੍ਰੀ ਸਵਾਮੀ ਸ਼ੰਕਰ ਨਾਥ ਪਰਬਤ ਮੱਠ ਤੱਕ ਗਿਆ। ਇਸ ਤੋਂ ਬਾਅਦ, ਮੱਠ ਵਿੱਚ ਭਜਨ ਸੰਗੀਤ ਦਾ ਆਯੋਜਨ ਕੀਤਾ ਗਿਆ। ਹਵਨ ਯੱਗ ਤੋਂ ਬਾਅਦ, ਪ੍ਰਸ਼ਾਦ ਸੰਗਤਾਂ ਨੂੰ ਪਿਆਰ ਨਾਲ ਵੰਡਿਆ ਗਿਆ। ਸਵੇਰੇ 11 ਵਜੇ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ, ਭਗਵਾਨ ਸ਼ਿਵ ਦੀ ਉਸਤਤ ਵਿੱਚ ਇੱਕ ਸੁੰਦਰ ਭਜਨ ਗਾਇਆ ਗਿਆ। ਸ਼੍ਰੀ ਸਵਾਮੀ ਸ਼ੰਕਰ ਨਾਥ ਪਰਬਤ ਮੱਠ ਚੈਰੀਟੇਬਲ ਅਤੇ ਵੈਲਫੇਅਰ ਟਰੱਸਟ ਦੇ ਟਰੱਸਟੀ ਮੈਂਬਰਾਂ ਦੁਆਰਾ ਮੰਦਰ ਪਰਿਸਰ ਵਿੱਚ ਸਾਰੇ ਸ਼ਰਧਾਲੂਆਂ ਲਈ ਫਲਾਂ ਅਤੇ ਭੋਜਨ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਆਪਣੇ ਸਮੇਂ ਦੀ ਆਰਤੀ ਤੋਂ ਬਾਅਦ, ਪਹਿਲੇ ਪੜਾਅ ਦੀ ਸਮੂਹਿਕ ਪੂਜਾ ਸ਼ੁਰੂ ਕੀਤੀ ਗਈ। ਜਿਸ ਵਿੱਚ ਮੁੱਖ ਤੌਰ ਤੇ ਸੇਵਾਦਾਰ ਹਰਸ਼ ਹਾਂਡਾ, ਵਿਵੇਕ ਹਾਂਡਾ, ਬ੍ਰਿਜਭੂਸ਼ਣ ਜਲੋਟਾ, ਰਾਕੇਸ਼ ਦੁੱਗਲ, ਨਰੇਸ਼ ਦੁੱਗਲ, ਵਿਨੋਦ ਦੁੱਗਲ, ਪ੍ਰਮੋਦ ਦੁੱਗਲ, ਆਂਚਲ ਦੁੱਗਲ, ਹਰੀ ਪ੍ਰਸਾਦ ਅਵਸਥੀ, ਐਡਵੋਕੇਟ ਲੋਕੇਸ਼ ਨਾਰੰਗ ਅਤੇ ਵਿਵੇਕ ਹਾਂਡਾ ਆਦਿ ਮੁੱਖ ਤੌਰ ਤੇ ਮੌਜੂਦ ਸਨ


# ਸੀ.ਬੀ.ਐੱਸ.ਈ. ਸਕੂਲਾਂ ਦੀ ਪੜ੍ਹਾਈ ਵਿੱਚੋਂ ਪੰਜਾਬੀ ਵਿਸ਼ਾ ਗਾਇਬ



ਜਲੰਧਰ, ( ਸੁਸ਼ੀਲ ਸ਼ਰਮਾ )- ਸਕੂਲ ਸਿੱਖਿਆ ਨਾਲ ਸੰਬੰਧਿਤ ਭਾਰਤ ਸਰਕਾਰ ਦੇ ਸੀ.ਬੀ.ਐੱਸ.ਈ. ਬੋਰਡ ਵੱਲੋਂ ਕੌਮੀ ਸਿੱਖਿਆ ਨੀਤੀ ਨੂੰ ਲਾਗੂ ਕਰਨ ਸੰਬੰਧੀ ਜਾਰੀ ਕੀਤੇ ਗਏ ਇਕ ਨਵੇਂ ਸਰਕੂਲਰ ਅਨੁਸਾਰ ਸਕੂਲ ਸਿੱਖਿਆ ਵਿੱਚੋਂ ਪੰਜਾਬੀ ਵਿਸ਼ੇ ਦੀ ਪੜ੍ਹਾਈ ਹਟਾਏ ਜਾਣ ਦਾ ਪ੍ਰਸਤਾਵ ਹੈ। ਮਿਤੀ 25 ਫਰਵਰੀ 2025 ਨੂੰ ਜਾਰੀ ਕੀਤੇ ਗਏ ਡਰਾਫਟ-ਸਰਕੂਲਰ ਨੰਬਰ ਸੀ.ਬੀ.ਐੱਸ.ਈ./ਸੀ ਈ/ ਐੱਸ.ਪੀ.ਪੀ ਐਸ 2025 ਅਨੁਸਾਰ ਪੰਜਾਬੀ ਭਾਸ਼ਾ ਪੜ੍ਹਨ ਸਬੰਧੀ 004 ਕੋਡ ਹਟਾ ਦਿੱਤਾ ਗਿਆ ਹੈ।

ਇਸ ਸਬੰਧੀ ਸਖਤ ਇਤਰਾਜ਼ ਉਠਾਉਂਦੇ ਹੋਏ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਦੇ ਪ੍ਰਧਾਨ ਡਾਕਟਰ ਲਖਵਿੰਦਰ ਸਿੰਘ ਜੌਹਲ ਨੇ ਕੇਂਦਰੀ ਸਿੱਖਿਆ ਮੰਤਰੀ ਡਾਕਟਰ ਧਰਮੇਂਦਰ ਪ੍ਰਧਾਨ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਹ ਸੰਬੰਧਿਤ ਬੋਰਡ ਨੂੰ ਅਜਿਹਾ ਕਰਨ ਤੋਂ ਰੋਕਣ ਕਿਉਂਕਿ ਪੰਜਾਬੀ ਭਾਸ਼ਾ ਦੇਸ਼ ਦੀਆਂ ਮਾਨਤਾ ਪ੍ਰਾਪਤ 22 ਭਾਸ਼ਾਵਾਂ ਵਿੱਚੋਂ ਇੱਕ ਹੈ ਅਤੇ ਇਸ ਨੂੰ ਸੰਬੰਧਿਤ ਸਕੂਲਾਂ ਵਿੱਚ ਨਾ ਪੜ੍ਹਾਇਆ ਜਾਣਾ ਇਸ ਨਾਲ ਘੋਰ ਵਿਤਕਰਾ ਹੈ। ਡਾਕਟਰ ਜੌਹਲ ਨੇ ਪੰਜਾਬ ਦੇ ਸਿੱਖਿਆ ਮੰਤਰੀ ਨੂੰ ਵੀ ਇੱਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਹ ਕੇਂਦਰ ਸਰਕਾਰ ਕੋਲ ਇਹ ਮਾਮਲਾ ਉਠਾਉਣ ਅਤੇ ਪੰਜਾਬ ਵਿਚਲੇ ਕੇਂਦਰੀ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਨੂੰ ਯਕੀਨੀ ਬਣਾਉਣ। ਸੋਸਾਇਟੀ ਦੇ ਪ੍ਰਧਾਨ ਡਾਕਟਰ ਲਖਵਿੰਦਰ ਸਿੰਘ ਜੌਹਲ ਅਤੇ ਸਕੱਤਰ ਡਾਕਟਰ ਹਰਜਿੰਦਰ ਸਿੰਘ ਅਟਵਾਲ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਲਈ ਕੰਮ ਕਰ ਰਹੀਆਂ ਹੋਰ ਜਥੇਬੰਦੀਆਂ ਨੂੰ ਵੀ ਇਸ ਮਾਮਲੇ ਨੂੰ ਗੰਭੀਰਤਾ

# ਸ਼ੇਰਪੁਰ ਚ ਲੱਖਾਂ ਦੇ ਮੋਬਾਇਲ ਚੋਰੀ ਕਰਨ ਵਾਲੇ ਨੂੰ ਪੁਲਿਸ ਨੇ ਧਰ ਦਬੋਚਿਆ, ਚੋਰੀ ਕੀਤਾ ਬੁਲਟ ਵੀ ਮਿਲਿਆ



ਸ਼ੇਰਪੁਰ, (ਹਰਜੀਤ ਸਿੰਘ ਕਾਤਿਲ ) - ਸ਼ੇਰਪੁਰ ਦੇ ਕਾਤਰੋਂ ਰੋਡ ਤੇ ਸਥਿਤ ਇੱਕ ਮੋਬਾਈਲਾਂ ਦੀ ਦੁਕਾਨ ਤੇ ਸੰਘਣੀ ਆਬਾਦੀ ਨੇੜੇ ਬੀਤੇ ਦਿਨੀਂ ਹੋਈ ਡੇਢ ਲੱਖ ਰੁਪਏ ਦੇ ਮੋਬਾਇਲਾਂ ਦੀ ਚੋਰੀ ਨੂੰ ਅੰਜਾਮ ਦੇਣ ਵਾਲੇ ਚੋਰ ਨੂੰ ਸ਼ੇਰਪੁਰ ਪੁਲਿਸ ਵੱਲੋਂ ਧਰ ਦਬੋਚੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਪ੍ਰੈਸ ਨੋਟ ਜਾਰੀ ਕਰਦਿਆਂ ਇੰਸਪੈਕਟਰ ਬਲਵੰਤ ਸਿੰਘ ਬਲਿੰਗ ਥਾਣਾ ਮੁਖੀ ਸ਼ੇਰਪੁਰ ਨੇ ਦੱਸਿਆ ਕਿ ਮੁਕੇਸ਼ ਕੁਮਾਰ ਪੁੱਤਰ ਕ੍ਰਿਸ਼ਨ ਕੁਮਾਰ ਵਾਸੀ ਥਿੰਦ ਪੱਤੀ ਸ਼ੇਰਪੁਰ ਦੀ ਦੁਕਾਨ ਦਸ਼ਮੇਸ਼ ਟੈਲੀਕਾਮ ਸ਼ੇਰਪੁਰ ਤੋਂ ਦੁਕਾਨ ਅੰਦਰ ਨੂੰ ਪਾੜ ਲਾ ਕੇ ਮੋਬਾਈਲ ਫੋਨ ਚੋਰੀ ਹੋਏ ਸੀ , ਮੁਦਈ ਮੁਕੇਸ਼ ਕੁਮਾਰ ਦੇ ਬਿਆਨ ਦੇ ਆਧਾਰ ਤੇ ਦੋਸ਼ੀ ਸੁਖਵਿੰਦਰ ਸਿੰਘ ਉਰਫ ਸਨੀ ਪੁੱਤਰ ਮਹਿੰਦਰ ਸਿੰਘ ਵਾਸੀ ਨੇੜੇ ਸੁਵਿਧਾ ਕੇਂਦਰ ਸ਼ੇਰਪੁਰ ਦੇ ਖਿਲਾਫ ਮੁਕਦਮਾ ਨੰਬਰ -7 ਮਿਤੀ 20 ਫਰਵਰੀ 2025 ਨੂੰ ਅ/ਧ 331 (4) , 305 ਬੀਐਨਐਸ ਥਾਣਾ ਸ਼ੇਰਪੁਰ ਵਿਖੇ ਦਰਜ ਕੀਤਾ ਗਿਆ ਸੀ। ਤਫਤੀਸ਼ ਦੇ ਦੌਰਾਨ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਪੁਲਿਸ ਟੀਮ ਭੇਜ ਕੇ ਦੋਸ਼ੀ ਸੁਖਵਿੰਦਰ ਸਿੰਘ ਉਰਫ ਸਨੀ ਨੂੰ ਗੁਰਦੁਆਰਾ ਸਾਹਿਬ ਸੁਹਾਣਾ , ਮੋਹਾਲੀ ਦੇ ਨੇੜਿਓਂ ਗ੍ਰਫਤਾਰ ਕੀਤਾ ਗਿਆ ਅਤੇ ਇਸ ਪਾਸੋਂ ਚੋਰੀ ਕੀਤੇ ਪੰਜ ਮੋਬਾਈਲ ਫੋਨ ਬਰਾਮਦ ਕੀਤੇ ਗਏ । ਇਸ ਤੋਂ ਇਲਾਵਾ ਪ੍ਰਦੀਪ ਕੁਮਾਰ ਸਿੰਗਲਾ ਪੁੱਤਰ ਸ਼ਾਮ ਲਾਲ ਵਾਸੀ ਸ਼ੇਰਪੁਰ ਨੇ ਇਤਲਾਹ ਦਿੱਤੀ ਸੀ ਕਿ ਮੋਬਾਇਲ ਫੋਨ ਵਾਲੀ ਦੁਕਾਨ ਵਿੱਚੋਂ ਚੋਰੀ ਦੀ ਘਟਨਾ ਵਾਲੀ ਰਾਤ ਉਸਦੇ ਘਰ ਦੇ ਬਾਹਰ ਗਲੀ ਵਿੱਚ ਖੜਾ ਉਸਦਾ 2024 ਮਾਡਲ ਬੁਲਟ ਮੋਟਰਸਾਈਕਲ ਚੋਰੀ ਹੋਇਆ ਸੀ ਇਹ ਮੋਟਰਸਾਈਕਲ ਵੀ ਦੋਸੀ ਸੁਖਵਿੰਦਰ ਸਿੰਘ ਸਨੀ ਦੀ ਨਿਸ਼ਾਨਦੇਹੀ ਉੱਤੇ ਰੇਲਵੇ ਸਟੇਸ਼ਨ ਧੂਰੀ ਤੋਂ ਬਰਾਮਦ ਕਰਵਾਇਆ ਗਿਆ ਹੈ। ਦੋਸ਼ੀ ਨੂੰ ਮਾਨਯੋਗ ਇਲਾਕਾ ਮਜਿਸਟਰੇਟ ਧੂਰੀ ਦੀ ਅਦਾਲਤ ਵਿੱਚ ਪੇਸ਼ ਕਰਕੇ ਜੁਡੀਸ਼ਅਲ ਰਿਮਾਂਡ ਹਾਸਲ ਕਰਕੇ ਜ਼ਿਲਾ ਜੇਲ ਸੰਗਰੂਰ ਭੇਜ ਦਿੱਤਾ ਗਿਆ ਹੈ। ਇਸ ਮੌਕੇ ਇੰਸਪੈਕਟਰ ਬਲਵੰਤ ਸਿੰਘ ਬਲਿੰਗ , ਸਹਾਇਕ ਥਾਣੇਦਾਰ ਬਲਵਿੰਦਰ ਸਿੰਘ , ਜਸਵੀਰ ਸਿੰਘ ਦੀਦਾਰਗੜ ਤੋਂ ਇਲਾਵਾ ਹੋਰ ਵੀ ਪੁਲਿਸ ਮੁਲਾਜ਼ਮ ਮੌਜੂਦ ਸਨ।

# ਸੱਜਣ ਕੁਮਾਰ ਨੂੰ ਦੋਹਰੀ ਉਮਰ ਕੈਦ ਦੀ ਸਜਾ ਨੇ ਸਿੱਖਾਂ ਦੇ ਜਖਮਾਂ ਤੇ ਲਾਇਆ ਮਰਹਮ - ਅਵਤਾਰ ਸਿੰਘ ਭੁੰਗਰਨੀ



ਫਗਵਾੜਾ 26 ਫਰਵਰੀ ( ਸੁਸ਼ੀਲ ਸ਼ਰਮਾ ) ਦਿੱਲੀ ਵਿਚ ਸਾਲ 1984 'ਚ ਹੋਈ ਸਿੱਖ ਨਸਲਕੁਸ਼ੀ ਦੇ ਦੋਸ਼ੀ ਸੱਜਣ ਕੁਮਾਰ ਨੂੰ ਕਰੀਬ 40 ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਅਦ ਮਾਣਯੋਗ ਅਦਾਲਤ ਵਲੋਂ ਸੁਣਾਈ ਗਈ ਦੋਹਰੀ ਉਮਰ ਕੈਦ ਦੀ ਸਜਾ ਦਾ ਸਵਾਗਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਜੁਆਇੰਟ ਸਕੱਤਰ ਪੰਜਾਬ ਸਰਦਾਰ ਅਵਤਾਰ ਸਿੰਘ ਭੁੰਗਰਨੀ ਨੇ ਕਿਹਾ ਕਿ ਬੜੇ ਲੰਬੇ ਇੰਤਜ਼ਾਰ ਤੋਂ ਬਾਅਦ ਸੱਜਣ ਕੁਮਾਰ ਨੂੰ ਸਜਾ ਹੋਣ ਨਾਲ ਸਿੱਖਾਂ ਦੇ ਜਖ਼ਮਾਂ ਤੇ ਕੁਝ ਹੱਦ ਤਕ ਮਰਹਮ ਜ਼ਰੂਰ ਲੱਗਾ ਹੈ ਅਤੇ ਇਨਸਾਫ ਦੀ ਆਸ ਵੀ ਜਗੀ ਹੈ। ਉਹਨਾਂ ਕਿਹਾ ਕਿ ਦਿੱਲੀ 'ਚ ਸਿੱਖ ਨਸਲਕੁਸ਼ੀ ਇਕ ਅਜਿਹੀ ਭਿਆਨਕ ਅਤੇ ਦਰਦਨਾਕ ਘਟਨਾ ਹੈ ਜਿਸਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਬਹੁਤ ਸਾਰੇ ਪੀੜਤ ਇਨਸਾਫ ਦੀ ਉਡੀਕ ਵਿਚ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਉਹਨਾਂ ਜਿੱਥੇ ਜਗਦੀਸ਼ ਟਾਈਟਲਰ ਤੇ ਕਮਲਨਾਥ ਸਮੇਤ ਹੋਰ ਵੱਡੇ ਦੋਸ਼ੀਆਂ ਲਈ ਮਿਸਾਲੀ ਸਜਾ ਦੀ ਮੰਗ ਕੀਤੀ ਉੱਥੇ ਹੀ ਕਿਹਾ ਕਿ ਦੁਨੀਆ ਦੀਆਂ ਅਦਾਲਤਾਂ ਵਿਚ ਦੋਸ਼ੀਆਂ ਨੂੰ ਮਿਲਣ ਵਾਲੀ ਕੋਈ ਵੀ ਸਜਾ ਉਹਨਾਂ ਵਲੋਂ ਕੀਤੇ ਜੁਲਮ ਦੇ ਮੁਕਾਬਲੇ ਬਹੁਤ ਘੱਟ ਹੋਵੇਗੀ। ਉਹਨਾਂ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਤੋਂ ਵੀ ਸਵਾਲ ਕੀਤਾ ਕਿ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਮਿਲੀ ਸਜਾ ਦਾ ਸਵਾਗਤ ਕਰਨ ਵਿਚ ਉਹਨਾਂ ਨੂੰ ਗੁਰੇਜ ਕਿਉਂ ਹੈ ? ਭੁੰਗਰਨੀ ਨੇ ਕਿਹਾ ਕਿ ਸੱਜਣ ਕੁਮਾਰ ਨੂੰ ਮਿਲੀ ਸਜਾ ਨੂੰ ਲੈ ਕੇ ਕਾਂਗਰਸੀ ਆਗੂਆਂ ਦੀ ਚੁੱਪੀ ਨੇ ਕਾਂਗਰਸ ਪਾਰਟੀ ਦਾ ਅਸਲੀ ਚਿਹਰਾ ਸਾਰੀ ਦੁਨੀਆ ਦੇ ਸਾਹਮਣੇ ਨੰਗਾ ਕਰ ਦਿੱਤਾ ਹੈ। ਨਿੱਕੀ-ਨਿੱਕੀ ਗੱਲ ਤੇ ਟਵੀਟ ਕਰਨ ਵਾਲਾ ਗਾਂਧੀ ਪਰਿਵਾਰ ਅਤੇ ਪੰਜਾਬ ਕਾਂਗਰਸ ਦੇ ਵੱਡੇ ਆਗੂਆਂ ਦੀ ਚੁੱਪੀ ਗਵਾਹੀ ਭਰਦੀ ਹੈ ਕਿ 1984 ਦੀ ਸਿੱਖ ਨਸਲਕੁਸ਼ੀ ਨੂੰ ਕਾਂਗਰਸ ਪਾਰਟੀ ਦਾ ਖਾਮੋਸ਼ ਸਮਰਥਣ ਹਾਸਲ ਸੀ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਪਿੰਡ ਚੱਕ ਪ੍ਰੇਮਾਂ ਵਿਖੇ ਸਤਿ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਮਨਾਇਆ







ਫਗਵਾੜਾ (ਸੁਸ਼ੀਲ ਸ਼ਰਮਾ) ਨਜਦੀਕੀ ਪਿੰਡ ਚੱਕ ਪ੍ਰੇਮਾ ਵਿਖੇ ਸਮੂੰਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ✤ ਇਸ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਭਾਈ ਰੌਣਕ ਸਿੰਘ ਦੇ ਰਾਗੀ ਜਥੇ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ। ਇਸ ਮੌਕੇ ਦਾਨੀ ਸੱਜਣਾ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜੋ ਪਿਛਲੇ ਦਿਨੀ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਕਸ਼ਯਪ ਰਾਜਪੂਤ ਸਭਾ ( ਰਜਿ.) ਪੰਜਾਬ ਸਰਕਾਰ ਵਲੋਂ ਸ਼ਿਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਚੱਕ ਪ੍ਰੇਮਾਂ ਦੇ ਹਾਲ ਵਿੱਚ ਲੜਕੀਆ ਲਈ ਸਿਲਾਈ ਸੈਂਟਰ ਖੋਲ੍ਹਿਆ ਗਿਆ ਸੀ⇩ ਉਸ ਦੇ 6 ਮਹੀਨੇ ਪੂਰੇ ਹੋਣ ਤੋਂ ਬਾਅਦ ਲੜਕੀਆ ਨੂੰ ਸਿਲਾਈ ਟੀਚਰ ਇਚਾਰਜ ਸੰਤੋਸ਼ ਰਾਣੀ,ਉਸ ਦੇ ਪਤੀ ਸਮਾਜ ਸੇਵਕ ਜਸਵਿੰਦਰ ਢੱਡਾ ਫਗਵਾੜਾ ਤੇ ਸਾਬਕਾ ਸਰਪੰਚ ਮੀਨੂੰ ਵਲੋਂ ਲੜਕੀਆ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ। ਇਸ ਮੌਕੇ ਸਮਾਜ ਸੇਵਕ ਜਸਵਿੰਦਰ ਢੱਡਾ ਫਗਵਾੜਾ ਨੇ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਕਸ਼ਯਪ ਰਾਜਪੂਤ ਸਭਾ ਵਲੋਂ ਜਿੱਥੇ ਕੀਤੇ ਜਾ ਰਹੇ ਸਮਾਜ ਭਲਾਈ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ⇩ ਉੱਥੇ ਹੀ ਸਭਾ ਦੇ ਪ੍ਰਧਾਨ ਦਵਿੰਦਰ ਸਿੰਘ ਤੇ ਉਹਨਾਂ ਦੀ ਸਾਰੀ ਸਭਾ ਦਾ ਧੰਨਵਾਦ ਕੀਤਾ। ਇਸ ਮੌਕੇ ਮੋਹਣ ਲਾਲ ਸਾਬਕਾ ਸਰਪੰਚ, ਤਰਲੋਚਨ,ਜੋਤੀ ਮੈਂਬਰ ਗਰਾਮ ਪੰਚਾਇਤ,ਰਕੇਸ਼ ਕੁਮਾਰ, ਗੁਰਾਦਿੱਤਾ,ਚੈਨ ਰਾਮ,ਲੇਖ ਰਾਮ,ਅਸ਼ੋਕ ਕੁਮਾਰ,ਮਦਨ ਲਾਲ, ਜੋਗ ਰਾਜ, ਬਿਹਾਰੀ ਲਾਲ,ਮਨੋਹਰ ਲਾਲ ਆਦਿ ਹਾਜ਼ਰ ਸਨ।

# ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੀ ਹੋਈ ਮੀਟਿੰਗ



ਲੁਧਿਆਣਾ ( ਸੁਖਚੈਨ ਮਹਿਰਾ) ਸੁੰਦਰ ਨਗਰ ਡਵੀਜ਼ਨ ਵਿਖੇ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੀ ਡਵੀਜ਼ਨ ਪੱਧਰ ਦੀ ਮੀਟਿੰਗ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਦੂਦਾਂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸੂਬਾ ਡਿਪਟੀ ਜਨਰਲ ਸਕੱਤਰ ਰਛਪਾਲ ਸਿੰਘ ਪਾਲੀ ਅਤੇ ਸੀਨੀਅਰ ਆਗੂ ਸੋਬਨ ਸਿੰਘ ਠਾਕੁਰ ਉਚੇਚੇ ਤੌਰ ਤੇ ਪਹੁੰਚੇ। ਜਿਨ੍ਹਾਂ ਮੀਟਿੰਗ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਨੇ ਦੱਸਿਆ ਕਿ ਇਸ ਵਿੱਚ ਜਿੱਥੇ ਮੁਲਾਜਮਾਂ ਦੇ ਮਸਲਿਆਂ ਨੂੰ ਵਿਚਾਰਿਆ ਗਿਆ ਹੈ ਉਥੇ ਏਟਕ ਦੀ ਚੰਡੀਗੜ੍ਹ ਵਿੱਚ ਹੋਣ ਜਾ ਰਹੀ ਦੇਸ਼ ਪੱਧਰੀ ਕਾਨਫਰੰਸ ਅਤੇ ਅੱਗੇ ਹੋਣ ਵਾਲੀ ਨਵੀਂ ਚੋਣ ਬਾਰੇ ਵੀ ਚਰਚਾ ਹੋਈ ਹੈ। ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਦੱਸਿਆ ਕਿ ਏਟਕ ਦੇ ਬਹੁਤ ਹੀ ਜੁਝਾਰੂ ਆਗੂ ਲੁਧਿਆਣਾ ਜੋਨ ਦੇ ਕਨਵੀਨਰ ਸਾਥੀ ਸਤੀਸ਼ ਕੁਮਾਰ 28 ਫਰਵਰੀ ਨੂੰ ਸੇਵਾਮੁਕਤ ਹੋਣ ਜਾ ਰਹੇ ਹਨ ਜਿਨ੍ਹਾਂ ਦੀ ਸੇਵਾਮੁਕਤੀ ਨੂੰ ਯਾਦਗਾਰੀ ਬਣਾਉਣ ਲਈ 1 ਮਾਰਚ ਨੂੰ ਐਮਸ਼ਨ ਪੈਲਸ ਮੋਤੀ ਨਗਰ ਵਿਖੇ ਵਿਦਾਇਗੀ ਪਾਰਟੀ ਰੱਖੀ ਹੈ। ਉਨ੍ਹਾਂ ਸਾਰੇ ਬਿਜਲੀ ਮੁਲਾਜਮਾਂ ਨੂੰ ਇਸ ਵਿੱਚ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਦੀਪਕ ਕੁਮਾਰ, ਕਰਤਾਰ ਸਿੰਘ, ਅਮਰਜੀਤ ਸਿੰਘ, ਪ੍ਰਕਾਸ਼ ਚੰਦ, ਰਾਮ ਅਵਧ, ਹਰਫੂਲ ਮਸੀਹ, ਬਲਸ਼ੇਰ ਸਿੰਘ ਅਤੇ ਹੋਰ ਹਾਜ਼ਰ ਸਨ।

# ਕੇਂਦਰੀ ਬਜਟ ਇੱਕ ਮਜ਼ਬੂਤ, ਖੁਸ਼ਹਾਲ ਅਤੇ ਸਵੈ-ਨਿਰਭਰ ਭਾਰਤ ਦੇ ਪੁਨਰ ਨਿਰਮਾਣ ਲਈ ਦਿਸ਼ਾ ਪ੍ਰਦਾਨ ਕਰੇਗਾ-ਪਰਮਪਾਲ ਕੌਰ ਮਲੂਕਾ

ਮਾਲੇਰਕੋਟਲਾ 26 ਫਰਵਰੀ (ਕਿੰਮੀ ਅਰੋੜਾ ਅਸਲਮ ਨਾਜ਼) ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕੁਝ ਦਿਨ ਪਹਿਲਾਂ 2025-26 ਦਾ ਬਜਟ ਪੇਸ਼ ਕੀਤਾ। ਇਸ ਵਿੱਚ ਕਈ ਤਰਾਂ ਦੇ ਐਲਾਨ ਕੀਤੇ ਗਏ ਹਨ। ਜਿਸ ਸਬੰਧੀ ਅੱਜ ਭਾਜਪਾ ਜ਼ਿਲਾ ਮਾਲੇਰਕੋਟਲਾ ਵੱਲੋਂ ਜ਼ਿਲਾ ਪ੍ਰਧਾਨ ਅਮਨ ਥਾਪਰ ਦੀ ਅਗਵਾਈ ਹੇਠ ਪ੍ਰੈਸ ਕਾਨਫਰੰਸ ਦਾ ਆਯੋਜਨ ਕੀਤਾ। ਜਿਸ ਵਿੱਚ ਵਿਸ਼ੇਸ਼ ਰੂਪ ਚ ਸ਼ਾਮਲ ਹੋਏ ਭਾਜਪਾ ਦੇ ਸੀਨੀਅਰ ਆਗੂ ਪਰਮਪਾਲ ਕੌਰ ਮਲੂਕਾ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰ ਕੋਈ ਇਸ ਬਜਟ ਦੀ ਪ੍ਰਸ਼ੰਸਾ ਕਰ ਰਿਹਾ ਹੈ ਕਿ ਬਜਟ ਬਹੁਤ ਵਧੀਆ ਹੈ। ਉਹਨਾਂ ਕਿਹਾ ਕਿ ਇਹ ਬਜਟ ਆਮ ਨਾਗਰਿਕ, ਵਿਕਸਤ ਭਾਰਤ ਦੇ ਮਿਸ਼ਨ ਨੂੰ ਪੂਰਾ ਕਰਨ ਜਾ ਰਿਹਾ ਹੈ। ਇਸ ਬਜਟ ਨਾਲ ਨਿਵੇਸ਼ ਅਤੇ ਖਪਤ ਵਧੇਗੀ। ਮੈਂ ਵਿੱਤ ਮੰਤਰੀ ਅਤੇ ਉਨਾਂ ਦੀ ਟੀਮ ਨੂੰ ਜਨਤਾ ਦਾ ਬਜਟ ਤਿਆਰ ਕਰਨ ਲਈ ਵਧਾਈ ਦਿੰਦੀ ਹਾਂ। ਉਨਾਂ ਕਿਹਾ ਕਿ ਇਸ ਬਜਟ ਵਿੱਚ ਕੇਂਦਰ ਸਰਕਾਰ ਨੇ ਮੱਧ ਵਰਗ ਨੂੰ ਵੱਡੀ ਰਾਹਤ ਦਿੱਤੀ ਹੈ। ਇਸ ਬਜਟ ਵਿੱਚ 12 ਲੱਖ ਰੁਪਏ ਤੱਕ ਦੀ ਆਮਦਨ ਨੂੰ ਟੈਕਸ ਮੁਕਤ ਕਰ ਦਿੱਤਾ ਗਿਆ ਹੈ। ਸਾਡੇ ਮੱਧ ਵਰਗ ਅਤੇ ਕੰਮ ਕਰਨ ਵਾਲੇ ਲੋਕਾਂ ਨੂੰ ਇਸ ਨਾਲ ਬਹੁਤ ਫਾਇਦਾ ਹੋਵੇਗਾ। ਬਜਟ ਸੈਰ-ਸਪਾਟੇ ਨੂੰ ਮਜ਼ਬੂਤ ਕਰੇਗਾ। ਇਹ ਇੱਕ ਅਜਿਹਾ ਬਜਟ ਹੈ ਜੋ ਹਰ ਭਾਰਤੀ ਦੇ ਸੁਪਨਿਆਂ ਨੂੰ ਪੂਰਾ ਕਰਦਾ ਹੈ। ਇਹ ਵਿਕਸਤ ਭਾਰਤ ਦੇ ਮਿਸ਼ਨ ਨੂੰ ਅੱਗੇ ਵਧਾਉਣ ਜਾ ਰਿਹਾ ਹੈ, ਇਹ ਬਜਟ ਇੱਕ ਬਲ ਗੁਣਕ ਹੈ। ਇਸ ਬਜਟ ਵਿੱਚ ਸੀਨੀਅਰ ਨਾਗਰਿਕਾਂ ਲਈ ਵਿਆਜ ਤੇ ਟੈਕਸ ਛੋਟ ਦੀ ਸੀਮਾ 50 ਹਜ਼ਾਰ ਰੁਪਏ ਤੋਂ ਵਧਾ ਕੇ 1 ਲੱਖ ਰੁਪਏ ਕਰ ਦਿੱਤੀ ਗਈ ਹੈ। ਇਸ ਬਜਟ ਵਿੱਚ ਕਿਸਾਨਾਂ ਲਈ ਕਈ ਵੱਡੇ ਐਲਾਨ ਕੀਤੇ ਗਏ ਹਨ। ਇਹ ਬਜਟ ਭਾਰਤ ਵਿੱਚ ਵੱਡੇ ਜਹਾਜ਼ਾਂ ਦੇ ਨਿਰਮਾਣ ਨੂੰ ਉਤਸ਼ਾਹਿਤ ਕਰੇਗਾ। ਇਹ ਉਹ ਖੇਤਰ ਹੈ ਜੋ ਸਭ ਤੋਂ ਵੱਧ ਰੁਜ਼ਗਾਰ ਪ੍ਰਦਾਨ ਕਰਦਾ ਹੈ। ਦੇਸ਼ ਵਿੱਚ ਸੈਰ-ਸਪਾਟੇ ਲਈ ਬਹੁਤ ਸੰਭਾਵਨਾਵਾਂ ਹਨ। 100 ਜ਼ਿਲਿਆਂ ਵਿੱਚ ਸਿੰਚਾਈ ਅਤੇ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾਵੇਗਾ। ਬਜਟ ਵਿੱਚ ਨਿਰਮਾਣ ਤੇ 360 ਡਿਗਰੀ ਫੋਕਸ ਹੈ। $♥$5 ਅਤੇ ਛੋਟੇ ਉਦਯੋਗ ਮਜ਼ਬੂਤ ਹੋਣਗੇ। ਚਮੜਾ, ਜੁੱਤੀਆਂ ਅਤੇ ਖਿਡੌਣੇ ਉਦਯੋਗਾਂ ਨੂੰ ਵਿਸ਼ੇਸ਼ ਸਹਾਇਤਾ ਦਿੱਤੀ ਗਈ ਹੈ। ਉਨਾਂ ਕਿਹਾ ਕਿ ਇਸ ਬਜਟ ਵਿੱਚ ਇੱਕ ਕਰੋੜ ਹੱਥ-ਲਿਖਤਾਂ ਦੀ ਸੰਭਾਲ ਲਈ ਗਿਆਨ ਭਾਰਤ ਮਿਸ਼ਨ ਸ਼ੁਰੂ ਕੀਤਾ ਗਿਆ ਹੈ। ਪਰਮਾਣੂ ਊਰਜਾ ਵਿੱਚ ਨਿੱਜੀ ਖੇਤਰ ਨੂੰ ਉਤਸ਼ਾਹਿਤ ਕਰਨਾ ਇਤਿਹਾਸਕ ਹੈ। ਇਹ ਦੇਸ਼ ਦੇ ਵਿਕਾਸ ਵਿੱਚ ਸਿਵਲ ਪਰਮਾਣੂ ਊਰਜਾ ਦੇ ਵੱਡੇ ਯੋਗਦਾਨ ਨੂੰ ਯਕੀਨੀ ਬਣਾਏਗਾ। ਇਸ ਮੌਕੇ ਜ਼ਿਲਾ ਪ੍ਰਧਾਨ ਅਮਨ ਥਾਪਰ ਨੇ ਕਿਹਾ ਕਿ ਕੇਂਦਰੀ ਬਜਟ 2025 ਇੱਕ ਦੂਰਦਰਸ਼ੀ ਰੋਡਮੈਪ ਹੈ ਜੋ 140 ਕਰੋੜ ਭਾਰਤੀਆਂ ਦੀਆਂ ਇੱਛਾਵਾਂ ਅਤੇ ਸੁਪਨਿਆਂ ਨੂੰ ਦਰਸਾਉਂਦਾ ਹੈ, ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਸਤ ਭਾਰਤ ਲਈ ਰਾਹ ਪੱਧਰਾ ਕਰਦਾ ਹੈ। ਉਨਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਐਨਡੀਏ ਸਰਕਾਰ ਦਾ ਕੇਂਦਰੀ ਬਜਟ ਸਾਰਿਆਂ ਦੀ ਭਲਾਈ ਅਤੇ ਸਾਰਿਆਂ ਦੀ ਖੁਸ਼ੀ ਪ੍ਰਤੀ ਵਚਨਬੱਧਤਾ ਦੇ ਨਾਲ-ਨਾਲ ਵਿਕਸਿਤ ਭਾਰਤ ਬਣਾਉਣ ਦੇ ਸੰਕਲਪ ਦਾ ਪ੍ਰਤੀਕ ਹੈ। ਉਨਾਂ ਕਿਹਾ ਕਿ ਬਜਟ ਵਿੱਚ ਕਈ ਦਵਾਈਆਂ ਤੇ ਕਸਟਮ ਡਿਊਟੀ ਘਟਾ ਦਿੱਤੀ ਗਈ ਹੈ, ਜਿਸ ਨਾਲ ਕੈਂਸਰ ਅਤੇ ਜੀਵਨ ਰੱਖਿਅਕ ਦਵਾਈਆਂ ਦੀ ਕੀਮਤ ਘੱਟ ਜਾਵੇਗੀ। ਉਨਾਂ ਕਿਹਾ ਕਿ ਇਹ ਬਜਟ ਉਨਾਂ ਲੋਕਾਂ ਲਈ ਵੀ ਲਾਭਦਾਇਕ ਹੋਵੇਗਾ ਜੋ ਡਾਕਟਰ ਬਣਨ ਦਾ ਸੁਪਨਾ ਦੇਖਦੇ ਹਨ, ਹੁਣ ਦੇਸ਼ ਵਿੱਚ ਐਮਬੀਬੀਐਸ ਸੀਟਾਂ ਵਧਣਗੀਆਂ, ਜਿਸ ਨਾਲ ਐਮਬੀਬੀਐਸ ਵਿੱਚ ਦਾਖਲਾ ਲੈਣਾ ਆਸਾਨ ਹੋ ਜਾਵੇਗਾ, ਇਸ ਵੇਲੇ ਦੇਸ਼ ਵਿੱਚ ਕੁੱਲ 1,12,112 ਐਮਬੀਬੀਐਸ ਸੀਟਾਂ ਹਨ, ਪੰਜ ਸਾਲਾਂ ਵਿੱਚ ਮੈਡੀਕਲ ਕਾਲਜਾਂ ਵਿੱਚ 75,000 ਐਮਬੀਬੀਐਸ ਸੀਟਾਂ ਵਧਾਉਣ ਦਾ ਐਲਾਨ ਕੀਤਾ ਗਿਆ ਹੈ। ਅਗਲੇ ਸਾਲ, ਐਮਬੀਬੀਐਸ ਸੀਟਾਂ ਵਿੱਚ 10,000 ਦਾ ਵਾਧਾ ਕੀਤਾ ਜਾਵੇਗਾ। ਇਹ ਉਨਾਂ ਨੌਜਵਾਨਾਂ ਨੂੰ ਇੱਕ ਆਸਾਨ ਮੌਕਾ ਪ੍ਰਦਾਨ ਕਰੇਗਾ ਜੋ ਡਾਕਟਰ ਬਣਨਾ ਚਾਹੁੰਦੇ ਹਨ। ਭਾਜਪਾ ਓ.ਬੀ.ਸੀ. ਮੋਰਚਾ ਦੇ ਪ੍ਰਧਾਨ ਵੈਦ ਮੋਹਨ ਲਾਲ ਨੇ ਕਿਹਾ ਕਿ ਇਹ ਕੇਂਦਰੀ ਬਜਟ ਇੱਕ ਮਜ਼ਬੂਤ, ਖੁਸ਼ਹਾਲ ਅਤੇ ਸਵੈ-ਨਿਰਭਰ ਭਾਰਤ ਦੇ ਨਵ ਨਿਰਮਾਣ ਲਈ ਦਿਸ਼ਾ ਪ੍ਰਦਾਨ ਕਰੇਗਾ। ਇਸ ਵਿੱਚ ਔਰਤਾਂ, ਮਜ਼ਦੂਰਾਂ, ਗਰੀਬਾਂ, ਕਿਸਾਨਾਂ, ਨੌਜਵਾਨਾਂ, ਕਾਰੋਬਾਰੀਆਂ, ਖੇਤੀਬਾੜੀ, ਮੱਧ ਵਰਗ ਦੇ ਪਰਿਵਾਰਾਂ ਨੂੰ ਆਰਥਿਕ ਰਾਹਤ, ਬਿਹਤਰ ਸਿਹਤ ਸਹੂਲਤਾਂ, ਉਦਯੋਗ, ਨਿਵੇਸ਼ ਅਤੇ ਨਿਰਯਾਤ ਸਮੇਤ ਸਾਰੇ ਖੇਤਰਾਂ ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਇਸ ਮੌਕੇ ਤਰਸੇਮ ਲਾਲ ਥਾਪਰ, ਆਸ਼ੂਤੋਸ਼ ਵਿਨਾਇਕ (ਦੋਨੋ ਪੰਜਾਬ ਕਾਰਜਕਰਨੀ ਮੈਂਬਰ), ਦਵਿੰਦਰ ਸਿੰਗਲਾ ਬੋਬੀ, ਜਾਹਿਦ ਪੀਰ ਜੀ (ਦੋਨੋਂ ਜ਼ਿਲਾ ਜਰਨਲ ਸਕੱਤਰ) ਸੁਰੇਸ਼ ਜੈਨ, ਅਨੀਤਾ ਜੈਨ, ਗੀਨਾ ਗੋਇਲ (ਤਿੰਨੋ ਜਿਲਾ ਉਪ ਪ੍ਰਧਾਨ), ਭਾਵਨਾ ਮਹਾਜਨ ਸਕੱਤਰ ਮਹਿਲਾ ਮੋਰਚਾ ਪੰਜਾਬ, ਲੋਮਾਸ਼ ਸ਼ਰਮਾ ਜ਼ਿਲਾ ਯੁਵਾ ਮੋਰਚਾ ਪ੍ਰਧਾਨ, ਅਮਿਤ ਕੁਮਾਰ ਮੰਡਲ ਜਨਰਲ ਸਕੱਤਰ, ਅਵਤਾਰ ਸਿੰਘ ਬੜਿੰਗ ਮੰਡਲ ਪ੍ਰਧਾਨ ਅਹਿਮਦਗੜ੍ਹ, ਸੁਨੀਲ ਕੁਮਾਰ, ਸਚਿਨ ਮੁਲਤਾਨੀ ਯੁਵਾ ਮੋਰਚਾ ਮੰਡਲ ਪ੍ਰਧਾਨ, ਰਾਮ ਧੰਨ ਸਰੋਏ ਐਸੀ ਮੋਰਚਾ ਦੇ ਜ਼ਿਲਾ ਪ੍ਰਧਾਨ, ਹਾਕਮ ਸਿੰਘ ਐਸੀ ਮੋਰਚਾ ਉਪ ਪ੍ਰਧਾਨ, ਨੀਸ਼ਾ ਚਾਵਲਾ ਪੰਜਾਬ ਮਹਿਲਾ ਮੋਰਚਾ ਕਾਰਜ ਕਰਨੀ ਮੈਂਬਰ, ਅਰਪਣ ਕੌੜਾ ਆਫਿਸ ਸਕੱਤਰ/ਆਫਿਸ ਇਨਚਾਰਜ ਆਦਿ ਹਾਜ਼ਰ ਸਨ।



# ਪਿੰਡ ਵਜੀਦੋਵਾਲ ਵਿਖੇ ਬੈਂਡ ਬਾਜਿਆਂ ਨਾਲ ਸਜਾਈ ਮਹਾਸ਼ਿਵਰਾਤਰੀ ਸ਼ੋਭਾ ਯਾਤਰਾ







ਫਗਵਾੜਾ ( ਸੁਸ਼ੀਲ ਸ਼ਰਮਾ ) ਮਹਾਸ਼ਿਵਰਾਤਰੀ ਮੌਕੇ ਫਗਵਾੜਾ ਦੇ ਨਜਦੀਕੀ ਪਿੰਡ ਵਜੀਦੋਵਾਲ ਵਿਖੇ ਮਾਤਾ ਚਿੰਤਪੁਰਨੀ ਮੰਦਿਰ ਦੀ ਪ੍ਰਬੰਧਕ ਕਮੇਟੀ ਵਲੋਂ ਸ਼ੋਭਾ ਯਾਤਰਾ ਦਾ ਆਯੋਜਨ ਸਮੂਹ ਪੰਚਾਇਤ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਮੌਕੇ ਬੈਂਡ ਬਾਜਿਆਂ ਦੇ ਨਾਲ ਭਗਵਾਨ ਭੋਲੇ ਸ਼ੰਕਰ ਅਤੇ ਮਾਤਾ ਪਾਰਵਤੀ ਜੀ ਦੀ ਬਰਾਤ ਦੇ ਦ੍ਰਿਸ਼ ਨੂੰ ਦਰਸਾਉਂਦੀ ਛੋਟੇ-ਛੋਟੇ ਬੱਚਿਆਂ ਦੀ ਝਾਂਕੀ ਵਿਸ਼ੇਸ਼ ਖਿੱਚ ਦਾ ਕੇਂਦਰ ਸੀ। ਸ਼ੋਭਾ ਯਾਤਰਾ ਮੰਦਿਰ ਤੋਂ ਸ਼ੁਰੂ ਹੋ ਕੇ ਪਿੰਡ ਦੀ ਪਰਿਕ੍ਰਮਾ ਕਰਨ ਉਪਰੰਤ ਵਾਪਸ ਮੰਦਿਰ ਵਿਖੇ ਸਮਾਪਤ ਹੋਈ। ਇਸ ਸ਼ੋਭਾ ਯਾਤਰਾ ਦਾ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਪੁੱਜਣ ਤੇ ਪ੍ਰਬੰਧਕ ਕਮੇਟੀ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਸੰਗਤ ਵਲੋਂ ਵੱਖ-ਵੱਖ ਪਕਵਾਨਾਂ ਦੇ ਲੰਗਰ ਵੀ ਲਗਾਏ ਗਏ। ਭਗਵਾਨ ਭੋਲੇ ਨਾਥ ਦੇ ਜੈਕਾਰਿਆਂ ਨਾਲ ਮਾਹੌਲ ਪੂਰੀ ਤਰ੍ਹਾਂ ਨਾਲ ਭਗਤੀ ਰੰਗ ਵਿਚ ਰੰਗਿਆ ਗਿਆ। ਮੰਦਿਰ ਕਮੇਟੀ ਦੇ ਪ੍ਰਧਾਨ ਰਾਜਕੁਮਾਰ ਅਤੇ ਸਰਪੰਚ ਰਿੰਪਲ ਕੁਮਾਰ ਨੇ ਸਮੂਹ ਪਿੰਡ ਵਾਸੀਆਂ ਨੂੰ ਮਹਾਸ਼ਿਵਰਾਤਰੀ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਭਗਵਾਨ ਭੋਲੇ ਨਾਥ ਅੱਗੇ ਵਿਸ਼ਵ ਸ਼ਾਂਤੀ ਅਤੇ ਸੁੱਖ ਸਮਰਿੱਧੀ ਲਈ ਪ੍ਰਾਰਥਨਾ ਕੀਤੀ। ਪ੍ਰਬੰਧਕਾਂ ਵਲੋਂ ਸਹਿਯੋਗੀਆਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਰਿਟਾ. ਇੰਸਪੈਕਟਰ ਰਮਨ ਕੁਮਾਰ, ਵਿਕਾਸ ਭਾਰਦਵਾਜ, ਪੰਡਿਤ ਨਵੀਨ ਕੁਮਾਰ, ਧਰਮਿੰਦਰ ਕੁਮਾਰ, ਭੁਪਿੰਦਰ ਕੁਮਾਰ, ਰਾਕੇਸ਼, ਮੁਕੇਸ਼, ਸੁਖਵਿੰਦਰ, ਕੁਲਵਿੰਦਰ ਕੁਮਾਰ, ਨਰਿੰਦਰ ਪਾਲ, ਸਾਬੀ, ਨੀਰਜ, ਰਿੱਕੀ, ਅਮਰਜੀਤ, ਸੋਹਨ ਲਾਲ, ਸਾਬਕਾ ਸਰਪੰਚ ਓਮ ਪ੍ਰਕਾਸ਼ ਵਜੀਦੋਵਾਲ, ਹੈਪੀ, ਸੁਧੀਰ ਕੁਮਾਰ ਢੰਡਾ, ਸੋਮਨਾਥ ਤੇ ਸਤੀਸ਼ ਕੁਮਾਰ ਨੰਬਰਦਾਰ, ਰਾਕੇਸ਼ ਕੁਮਾਰ ਕੇਸ਼ਾ, ਗੁਰਮੇਲ ਰਾਮ, ਸੁਰਿੰਦਰ ਕੁਮਾਰ, ਅਸ਼ਵਨੀ ਕੁਮਾਰ, ਰਾਜਕੁਮਾਰ, ਚੰਦਰ ਮੋਹਨ, ਪੰਡਿਤ ਅਸ਼ੋਕ ਕੁਮਾਰ, ਰਵੀ ਦੱਤ, ਬਲਰਾਮ ਕੁਮਾਰ, ਬਲਿਹਾਰ ਲਾਲ, ਚਮਨ ਲਾਲ, ਸੌਰਵ ਸ਼ਰਮਾ ਤੋਂ ਇਲਾਵਾ ਪਿੰਡ ਦੀਆਂ ਸੰਗਤਾਂ ਹਾਜਰ ਸਨ।

# ਰਿੰਗ ਬੀਸਟ ਬਾਕਸਿੰਗ ਕਲੱਬ ਦੀਆਂ ਖਿਡਾਰਣਾਂ ਨੇ ਖੇਲੋ ਇੰਡੀਆ ਚੈਂਪੀਅਨਸ਼ਿਪ 'ਚ ਮਾਰੀਆਂ ਮੱਲ੍ਹਾਂ







ਫਗਵਾੜਾ ( ਸੁਸ਼ੀਲ ਸ਼ਰਮਾ ) ਰਿੰਗ ਬੀਸਟ ਬਾਕਸਿੰਗ ਕਲੱਬ ਦੀਆਂ ਖਿਡਾਰਣਾਂ ਨੇ ਖੇਲੋ ਇੰਡੀਆ ਵੂਸ਼ੂ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੇ ਸ਼ਹਿਰ ਦਾ ਨਾਮ ਰੌਸ਼ਨ ਕੀਤਾ ਹੈ। ਚੈਂਪੀਅਨਸ਼ਿਪ ਵਿਚ ਮੱਲ੍ਹਾਂ ਮਾਰ ਕੇ ਵਾਪਸ ਪਰਤੀਆਂ ਖਿਡਾਰਣਾਂ ਦੇ ਸਨਮਾਨ ਵਿੱਚ ਇਕ ਸਮਾਗਮ ਦਾ ਆਯੋਜਨ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੀ ਧਰਮ ਪਤਨੀ ਅਤੇ ਸਮਾਜ ਸੇਵਿਕਾ ਸ਼੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਵਲੋਂ ਆਪਣੇ ਗ੍ਰਹਿ ਵਿਖੇ ਕੀਤਾ ਗਿਆ। ਉਹਨਾਂ ਨੇ ਜਿੱਥੇ ਜੇਤੂ ਖਿਡਾਰਣਾਂ ਨੂੰ ਸਨਮਾਨਤ ਕੀਤਾ, ਉੱਥੇ ਹੀ ਕਲੱਬ ਨੂੰ 50 ਪ੍ਰੈਕਟਿਸ ਮੈਟ ਅਤੇ ਬੱਚਿਆਂ ਲਈ ਖੇਡ ਸਮੱਗਰੀ ਵੀ ਭੇਟ ਕੀਤੀ। ਅਨੀਤਾ ਸੋਮ ਪ੍ਰਕਾਸ਼ ਨੇ ਖਿਡਾਰਣਾਂ ਨੂੰ ਹੋਰ ਸਖਤ ਮਿਹਨਤ ਕਰਦਿਆਂ ਅਗੇ ਵੱਧਣ ਦੀ ਪ੍ਰੇਰਣਾ ਦਿੰਦਿਆਂ ਹੌਸਲਾ ਅਫਜਾਈ ਕੀਤੀ। ਕਲੱਬ ਦੇ ਕੋਚ ਪ੍ਰਿੰਸ ਕੌਲ ਨੇ ਖਿਡਾਰਣਾਂ ਦੀ ਮਿਹਨਤ ਅਤੇ ਉਨ੍ਹਾਂ ਦੇ ਹੌਸਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਪ੍ਰਾਪਤੀਆਂ ਬੱਚਿਆਂ ਦੀ ਲਗਨ ਦਾ ਨਤੀਜਾ ਹਨ। ਉਨ੍ਹਾਂ ਨੇ ਅਨੀਤਾ ਸੋਮ ਪ੍ਰਕਾਸ਼ ਤੋਂ ਇਲਾਵਾ ਭਾਜਪਾ ਆਗੂ ਨਿਤਿਨ ਚੱਢਾ ਤੇ ਸ਼ਿਲਪਾ ਚੱਢਾ ਦਾ ਸਹਿਯੋਗ ਲਈ ਖਾਸ ਤੌਰ ਤੇ ਧੰਨਵਾਦ ਕੀਤਾ। ਕੋਚ ਪ੍ਰਿੰਸ ਕੌਲ ਅਨੁਸਾਰ ਖੇਲੋ ਇੰਡੀਆ ਵੂਸ਼ੂ ਵੂਮਨ ਚੈਂਪੀਨਸ਼ਿਪ ਵਿਚ ਰਿੰਗ ਬੀਸਟ ਬਾਕਸਿੰਗ ਕਲੱਬ ਦੀਆ ਖਿਡਾਰਣਾਂ ਬਿੰਦੀਆਂ ਨੇ ਸੋਨੇ ਦਾ ਤਮਗਾ , ਨਿਸ਼ੂ ਕੁਮਾਰੀ ਅਤੇ ਵੀਰਾਂ ਨੇ ਚਾਂਦੀ ਦਾ ਤਮਗਾ ਜਦਕਿ ਨਿਮਰਤਾ ਨੇ ਕਾਂਸੇ ਦਾ ਤਮਗਾ ਹਾਸਲ ਕੀਤਾ ਹੈ। ਇਸ ਮੌਕੇ ਯਸ਼ਵੀਰ ਕੋਕਾ, ਕੁਲਦੀਪ ਸਿੰਘ ਦੀਪਾ, ਲਹਿੰਬਰ ਰਾਮ, ਸੁਨੀਤਾ ਅਤੇ ਜਸਵਿੰਦਰ ਕੌਰ ਨੇ ਵੀ ਜੇਤੂ ਖਿਡਾਰਣਾਂ ਨੂੰ ਭਵਿੱਖ ਵਿਚ ਹੋਰ ਵੱਡੀਆਂ ਪ੍ਰਾਪਤੀਆਂ ਕਰਨ ਲਈ ਸ਼ੁੱਭ ਇੱਛਾਵਾਂ ਦਿੱਤੀਆਂ।

# ਸੀ.ਬੀ.ਐੱਸ.ਈ. ਸਕੂਲਾਂ ਦੀ ਪੜ੍ਹਾਈ ਵਿੱਚੋਂ ਪੰਜਾਬੀ ਵਿਸ਼ਾ ਗਾਇਬ



ਫਗਵਾੜਾ, ( ਸੁਸ਼ੀਲ ਸ਼ਰਮਾ )- ਸਕੂਲ ਸਿੱਖਿਆ ਨਾਲ ਸੰਬੰਧਿਤ ਭਾਰਤ ਸਰਕਾਰ ਦੇ ਸੀ.ਬੀ.ਐੱਸ.ਈ. ਬੋਰਡ ਵੱਲੋਂ ਕੌਮੀ ਸਿੱਖਿਆ ਨੀਤੀ ਨੂੰ ਲਾਗੂ ਕਰਨ ਸੰਬੰਧੀ ਜਾਰੀ ਕੀਤੇ ਗਏ ਇਕ ਨਵੇਂ ਸਰਕੂਲਰ ਅਨੁਸਾਰ ਸਕੂਲ ਸਿੱਖਿਆ ਵਿੱਚੋਂ ਪੰਜਾਬੀ ਵਿਸ਼ੇ ਦੀ ਪੜ੍ਹਾਈ ਹਟਾਏ ਜਾਣ ਦਾ ਪ੍ਰਸਤਾਵ ਹੈ। ਮਿਤੀ 25 ਫਰਵਰੀ 2025 ਨੂੰ ਜਾਰੀ ਕੀਤੇ ਗਏ ਡਰਾਫਟ-ਸਰਕੂਲਰ ਨੰਬਰ ਸੀ.ਬੀ.ਐੱਸ.ਈ./ਸੀ ਈ/ਐੱਸ.ਪੀ.ਪੀ ਐਸ 2025 ਅਨੁਸਾਰ ਪੰਜਾਬੀ ਭਾਸ਼ਾ ਪੜ੍ਹਨ ਸਬੰਧੀ 004 ਕੋਡ ਹਟਾ ਦਿੱਤਾ ਗਿਆ ਹੈ।

ਇਸ ਸਬੰਧੀ ਸਕੇਪ ਸਾਹਿਤਕ ਸੰਸਥਾ, ਪੰਜਾਬੀ ਵਿਰਸਾ ਟਰਸੱਟ ਦੇ ਅਹੁਦੇਦਾਰਾਂ ਪ੍ਰਿੰ. ਗੁਰਮੀਤ ਸਿੰਘ ਪਲਾਹੀ, ਪਰਵਿੰਦਰਜੀਤ ਸਿੰਘ, ਰਵਿੰਦਰ ਸਿੰਘ ਚੋਟ, ਮਨੋਜ ਫਗਵਾੜਵੀ, ਕਮਲੇਸ਼ ਸੰਧੂ, ਮਾਸਟਰ ਮਨਦੀਪ ਸਿੰਘ ਅਤੇ ਮਲਕੀਅਤ ਸਿੰਘ ਰਗਬੋਤਰਾ ਸਾਬਕਾ ਪ੍ਰਧਾਨ ਮਿਊਂਸਪਲ ਕੌਂਸਲ ਫਗਵਾੜਾ ਨੇ, ਸੰਬੰਧਿਤ ਬੋਰਡ ਨੂੰ ਅਜਿਹਾ ਕਰਨ ਤੋਂ ਰੋਕਣ ਦੀ ਮੰਗ ਕੀਤੀ ਹੈ । ਉਹਨਾ ਕਿਹਾ ਕਿ ਪੰਜਾਬੀ ਭਾਸ਼ਾ ਦੇਸ਼ ਦੀਆਂ ਮਾਨਤਾ ਪ੍ਰਾਪਤ 22 ਭਾਸ਼ਾਵਾਂ ਵਿੱਚੋਂ ਇੱਕ ਹੈ ਅਤੇ ਇਸ ਨੂੰ ਸੰਬੰਧਿਤ ਸਕੂਲਾਂ ਵਿੱਚ ਨਾ ਪੜ੍ਹਾਇਆ ਜਾਣਾ ਇਸ ਨਾਲ ਘੋਰ ਵਿਤਕਰਾ ਹੈ। ਪ੍ਰਿੰ. ਗੁਰਮੀਤ ਸਿੰਘ ਪਲਾਹੀ ਅਤੇ ਰਵਿੰਦਰ ਚੋਟ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਵਿਚਲੇ ਕੇਂਦਰੀ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਨੂੰ ਯਕੀਨੀ ਬਣਾਏ। ਉਹਨਾ ਕਿਹਾ ਕਿ ਜੇਕਰ ਇਹ ਨੋਟੀਫੀਕੇਸ਼ਨ ਵਾਪਸ ਨਾ ਲਿਆ ਗਿਆ ਤਾਂ ਵੱਡੇ ਪੱਧਰ ਤੇ ਪੰਜਾਬੀ ਭਾਈਚਾਰੇ ਵੱਲੋਂ ਅੰਦੋਲਨ ਕੀਤਾ ਜਾਵੇਗਾ।

# ਮਹਾ ਸ਼ਿਵਰਾਤਰੀ ਦੇ ਸਮਾਗਮ ਚ ਰਘਬੀਰ ਸਿੰਘ ਬੀਰਾ ਨੇ ਕੀਤੀ ਸ਼ਿਰਕਤ



ਲੁਧਿਆਣਾ, (ਸੁਖਚੈਨ ਮਹਿਰਾ )-- ਵਾਰਡ ਨੰਬਰ 88 ਦੇ ਅਧੀਨ ਪੈਂਦੇ ਮੁਹੱਲਾ ਫਤਿਹ ਗੜ੍ਹ ਗਲ਼ੀ ਨੰਬਰ ਦੋ ਵਿਖੇ ਮਹਾਂ ਸ਼ਿਵਰਾਤਰੀ ਦਾ ਤਿਉਹਾਰ ਬੜੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸਾਬਕਾ ਕੌਂਸਲਰ ਰਘਵੀਰ ਸਿੰਘ ਬੀਰਾ ਨੇ ਸਮਾਗਮ ਚ ਸ਼ਿਰਕਤ ਕਰਦਿਆਂ ਸਮੂਹ ਸੰਗਤਾਂ ਨੂੰ ਮਹਾ ਸਿਵਰਾਤਰੀ ਦੇ ਪਵਿੱਤਰ ਦਿਹਾੜੇ ਤੇ ਵਧਾਈ ਦਿੱਤੀ। ਇਸ ਦੌਰਾਨ ਪ੍ਰਬੰਧਕ ਕਮੇਟੀ ਵੱਲੋਂ ਸਾਬਕਾ ਕੌਂਸਲਰ ਰਘਵੀਰ ਸਿੰਘ ਬੀਰਾ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਅਤੇ ਸੰਗਤਾਂ ਲਈ ਲੰਗਰ ਵੀ ਅਟੁੱਟ ਵਰਤਾਇਆ ਗਿਆ । ਇਸ ਮੌਕੇ ਰਵੀ ਸੇਠੀ, ਰਿਸ਼ੀ ਗਾਂਧੀ, ਅਸ਼ੋਕ ਗਾਂਧੀ, ਰਾਜੂ ਧਾਲੀਵਾਲ ਆਦੀ ਹਾਜਰ ਸਨ।

# ਮੌਜੂਦਾ ਪੰਥਕ ਸੰਕਟ ਦਾ ਹੱਲ ਕਮਜ਼ੋਰ ਜਥੇਦਾਰ ਨਹੀਂ ਕਰ ਸਕਦੇ-ਜਥੇਦਾਰ ਹਵਾਰਾ ਕਮੇਟੀ

ਅੰਮ੍ਰਿਤਸਰ--(ਲੋਕ ਬਾਣੀ))ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਕਿਹਾ ਕਿ ਸਿੱਖ ਸੰਸਥਾਵਾਂ 'ਤੇ ਹੋ ਰਹੇ ਅੰਦਰੂਨੀ ਅਤੇ ਬਾਹਰਲੇ ਸਿਧਾਂਤਿਕ ਹਮਲਿਆਂ ਤੋਂ ਉਪਜੇ ਸੰਕਟ ਤੋਂ ਛੁਟਕਾਰਾ ਕਮਜ਼ੋਰ ਜਥੇਦਾਰ ਨਹੀਂ ਦਵਾ ਸਕਦੇ।ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਭੁਸੱਤਾ ਸੰਪੰਨ ਆਜ਼ਾਦ ਹੋਂਦ ਰੱਖਦਾ ਹੈ ਪਰ ਪਿਛਲੇ ਦਹਾਕਿਆਂ ਤੋਂ ਇਸਦੇ ਜਥੇਦਾਰ ਕਮਜ਼ੋਰ ਮਾਨਸਿਕਤਾ ਵਾਲੇ ਅਤੇ ਸਿਆਸਤਦਾਨਾਂ ਦੀ ਅਧੀਨਗੀ ਕਬੂਲਣ ਵਾਲੇ ਬਣੇ ਹਨ। ਨਤੀਜੇ ਵਜੋਂ ਇਨ੍ਹਾਂ ਦੀ ਸੋਚ,ਫੈਸਲੇ ਅਤੇ ਐਕਸ਼ਨ ਪੰਥਕ ਹੋਣ ਦੀ ਬਜਾਏ ਧੜੇਬੰਦੀ ਤੋਂ ਪ੍ਰੇਰਿਤ ਹਨ।

ਹਵਾਰਾ ਕਮੇਟੀ ਦੇ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ,ਬਾਪੂ ਗੁਰਚਰਨ ਸਿੰਘ,ਡਾ ਸੁਖਦੇਵ ਸਿੰਘ ਬਾਬਾ,ਮਹਾਬੀਰ ਸਿੰਘ ਸੁਲਤਾਨਵਿੰਡ,ਅਤੇ ਬਲਦੇਵ ਸਿੰਘ ਨਵਾਂ ਪਿੰਡ ਨੇ ਕਿਹਾ ਜਦ ਤਖ਼ਤ ਸਾਹਿਬਾਨ ਦੇ ਜਥੇਦਾਰ ਨਿਰਦੇਸ਼ ਲੈਣ ਲਈ ਮੁੱਖ ਮੰਤਰੀ ਦੇ ਨਿਵਾਸ ਤੇ ਜਾਣ ਅਤੇ ਉਨ੍ਹਾਂ ਦੇ ਜਾਨਸ਼ੀਨ ਵੀ ਕਸੂਰਵਾਰ ਅਕਾਲੀ ਲੀਡਰਾਂ ਦਾ ਭੈਅ ਕਬੂਲਣ ਤਾਂ ਪੰਥਕ ਸੰਕਟ ਤੋਂ ਨਜਾਤ ਮਿਲਣੀ ਮੁਸ਼ਕਿਲ ਹੈ।ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਵਿੱਚ ਜਥੇਦਾਰ ਤਾਂ ਨਾ ਭੈਅ ਦੇਦੇਂ ਹਨ ਅਤੇ ਨਾ ਹੀ ਭੈਅ ਕਬੂਲਦੇ ਹਨ ਪਰ ਅਜੋਕੇ ਸਮੇਂ ਦੇ ਜਥੇਦਾਰਾਂ ਦੀ ਪਦਵੀਆਂ ਦਾ ਜਨਮ ਅਤੇ ਅੰਤ ਇਕ ਪਰਿਵਾਰ ਅਤੇ ਉੱਪਰਲੀ ਕਤਾਰ ਦੇ ਅਕਾਲੀ ਲੀਡਰਾਂ ਦੇ ਰਹਿਮੋ ਕਰਮ ਤੇ ਹੋਣ ਕਰਕੇ ਭੈਅ ਵਿੱਚ ਹੀ ਰਹਿਂਦਾ ਹੈ। ਇਹ ਵੀ ਕੌਮ ਦੀ ਤ੍ਰਾਸਦੀ ਹੈ ਕਿ ਜਥੇਦਾਰ ਨੂੰ ਕੋਈ ਦਬਕਾ ਮਾਰੇ ਤੇ ਉਹ ਜਨਤਕ ਤੌਰ ਤੇ ਹੰਝੂ ਸੁੱਟਦਾ ਨਜ਼ਰ ਆਵੇ। ਜਥੇਦਾਰਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜੋ ਹੁਕਮਨਾਮੇ ਸੁਣਾਏ ਗਏ ਹਨ ਉਨ੍ਹਾ ਦੇ ਇਨ ਬਿਨ ਲਾਗੂ ਨਾ ਹੋਣ ਨਾਲ ਜਿੱਥੇ ਕੌਮੀ ਨਿਰਾਸ਼ਤਾ ਪੈਦਾ ਹੋਈ ਹੈ ਉੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗੌਰਵ ਨੂੰ ਵੀ ਢਾਅ ਲੱਗੀ ਹੈ। ਹਵਾਰਾ ਕਮੇਟੀ ਦਾ ਮੰਨਣਾ ਹੈ ਕਿ ਬਾਰ ਬਾਰ ਵਿਦੇਸ਼ੀ ਦੌਰਿਆ ਦੀ ਚਮਕ ਦਮਕ ਵੀ ਜਥੇਦਾਰਾਂ ਦੀ ਕਮਜ਼ੋਰੀ ਦਾ ਕਾਰਨ ਬਣ ਜਾਂਦੀ ਹੈ।



ਹਵਾਰਾ ਕਮੇਟੀ ਦੇ ਆਗੂਆਂ ਨੇ ਕਿਹਾ ਭਾਰਤੀ ਫੌਜ ਵਲੋਂ ਜੂਨ 84 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਢਾਹੁਣ ਤੇ ਪੰਥ ਵਿੱਚ ਸਰਕਾਰ ਵਿਰੁੱਧ ਰੋਸ਼ ਜਾਗਿਆ ਸੀ ਪਰ ਆਪਣਿਆਂ ਵੱਲੋਂ ਦਿਲੀ ਦੇ ਇਸ਼ਾਰੇ ਤੇ ਸਿਧਾਂਤਾਂ ਨੂੰ ਢਾਹੁਣ ਨਾਲ ਨਿਰਾਸ਼ਾ ਅਤੇ ਨਫ਼ਰਤ ਪੈਦਾ ਹੋਈ ਹੈ।ਜਿਸਦੇ ਨਤੀਜੇ ਸਾਹਮਣੇ ਹਨ ਕਿ ਅਕਾਲੀ ਦਲ ਹਾਸ਼ੀਏ ਤੇ ਆਗਿਆ ਹੈ।

ਪ੍ਰੋਫੈਸਰ ਬਲਜਿੰਦਰ ਸਿੰਘ ਅਤੇ ਬਾਪੂ ਗੁਰਚਰਨ ਸਿੰਘ ਨੇ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਸੁਝਵਾਨ ਗੁਰਸਿੱਖਾਂ ਦੀ ਅਗਵਾਈ ਵਿੱਚ ਪਿੰਡ ਪੱਧਰ ਤੇ ਮੀਰੀ ਪੀਰੀ ਦੇ ਸਿਧਾਂਤ ਤੇ ਗੋਸ਼ਟੀਆਂ

# ਸ਼ਿਵਰਾਤਰੀ ਤੇ ਕਾਨਪੁਰ ਦੇ ਮੰਦਰਾਂ 'ਚ ਸ਼ਰਧਾਲੂ ਇਕੱਠੇ, ਸੁਰੱਖਿਆ ਦੇ ਸਖ਼ਤ ਇੰਤਜ਼ਾਮ ਰਹੇ



ਕਾਨਪੁਰ। (ਸੁਨੀਲ ਬਾਜਪਾਈ ) ਭੋਲੇ ਭੰਡਾਰੀ (ਪੱਤਰ ਪ੍ਰੇਰਕ): ਸ਼ਿਵਰਾਤਰੀ ਦੇ ਪਵਿੱਤਰ ਤਿਉਹਾਰ ਤੇ ਅੱਜ ਮੰਗਲਵਾਰ ਨੂੰ ਭਗਵਾਨ ਸ਼ਿਵ ਦੇ ਭਗਤਾਂ ਨੇ ਮੰਦਰਾਂ ਵਿੱਚ ਬਮ ਭੋਲੇ ਦੇ ਜੈਕਾਰਿਆਂ ਨਾਲ ਪੂਜਾ ਅਰਚਨਾ ਕੀਤੀ। ਇਸ ਦੌਰਾਨ ਸੁਰੱਖਿਆ ਦੇ ਭਾਰੀ ਪ੍ਰਬੰਧ ਕੀਤੇ ਗਏ ਸਨ। ਮੁੱਖ ਪਰਮਾਤਕ ਸ਼ਿਵਰਾਜਪੁਰ ਦੇ ਖੇਰੇਸ਼ਵਰ, ਸ਼ਿਵ ਮੰਦਰ, ਜਾਜਮਾਊ ਸਿਧਾਂਤ ਮੰਦਰ ਸਮੇਤ ਜ਼ਿਲ੍ਹੇ ਦੇ ਸਾਰੇ ਇਤਿਹਾਸਕ ਸ਼ਿਵ ਮੰਦਰਾਂ ਅਤੇ ਜਾਜਮਾਊ ਦੇ ਸਿਧਾਂਤ ਮੰਦਰ ਸਮੇਤ ਹੋਰ ਸਾਰੇ ਸ਼ਿਵ ਮੰਦਰਾਂ ਵਿੱਚ ਸੁਰੱਖਿਆ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ।

ਇਸ ਦੌਰਾਨ ਭਗਵਾਨ ਸ਼ਿਵ ਦੀ ਪੂਜਾ ਕਰਨ ਲਈ ਰਾਤ 2 ਵਜੇ ਤੋਂ ਹੀ ਪਰਮਤ ਮੰਦਰ ਵਿਖੇ ਸ਼ਰਧਾਲੂਆਂ ਦੀ ਭੀੜ ਇਕੱਠੀ ਹੋ ਗਈ। ਇਨ੍ਹਾਂ ਵਿੱਚ ਸਭ ਤੋਂ ਵੱਧ ਭੀੜ ਨੌਜਵਾਨਾਂ ਦੀ ਸੀ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਲੜਕੀਆਂ ਵੀ ਨਜ਼ਰ ਆਈਆਂ।

ਇਸ ਦੌਰਾਨ ਸ਼ਿਵ ਜੀ ਦੇ ਦਰਸ਼ਨਾਂ ਨੂੰ ਲੈ ਕੇ ਉਨ੍ਹਾਂ ਵਿਚਕਾਰ ਤਕਰਾਰ ਹੋ ਗਈ। ਕਈ ਵਾਰ ਅਜਿਹੇ ਵੀ ਆਏ ਜਦੋਂ ਪੁਲਿਸ ਨੂੰ ਭੀੜ ਨੂੰ ਕਾਬੂ ਕਰਨ ਲਈ ਕਾਫੀ ਜੱਦੋ-ਜਹਿਦ ਕਰਨੀ ਪਈ। ਇਸੇ ਤਰ੍ਹਾਂ ਚਕੇਰੀ ਦੇ ਪ੍ਰਸਿੱਧ ਸ੍ਰੀ ਸਿਧਾਂਤ ਮੰਦਿਰ ਵਿਖੇ ਸ਼ਰਧਾਲੂਆਂ ਦੀ ਭਾਰੀ ਭੀੜ ਇਕੱਠੀ ਹੋਈ। ਇੱਥੇ ਵੀ ਪੂਜਾ ਦੇ ਨਾਲ-ਨਾਲ ਲੋਕਾਂ ਨੇ ਭਗਵਾਨ ਸ਼ਿਵ ਨੂੰ ਦੁੱਧ ਦਾ ਅਭਿਸ਼ੇਕ ਕੀਤਾ। ਇਸ ਦੌਰਾਨ ਪੁਲੀਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਵੀ ਘੁੰਮਦੇ ਰਹੇ ਅਤੇ ਮੰਦਰਾਂ ਵਿੱਚ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਰਹੇ।

ਅੱਜ ਸ਼ਿਵਰਾਤਰੀ ਤੇ ਜਿਨ੍ਹਾਂ ਸ਼ਿਵ ਮੰਦਰਾਂ 'ਚ ਸਭ ਤੋਂ ਵੱਧ ਭੀੜ ਦੇਖਣ ਨੂੰ ਮਿਲੀ, ਉਨ੍ਹਾਂ 'ਚ ਸ਼ਿਵਰਾਜਪੁਰ ਦਾ ਖੇਰੇਸ਼ਵਰ ਸ਼ਿਵ ਮੰਦਰ ਵੀ ਸ਼ਾਮਲ ਹੈ। ਸੰਸਾਰ ਦੀ ਮਾਂ, ਮਾਂ ਜਗਦੰਬਾ ਅਤੇ ਬਾਬਾ ਭੋਲੇਨਾਥ ਦੇ ਪ੍ਰਤੱਖ ਭਗਤ ਹੰਸਾਪੁਰਮ ਦੇ ਠਾਕੁਰ ਐਸਕੇ ਸਿੰਘ ਦੇ ਅਨੁਸਾਰ, ਇਸ ਮੰਦਰ ਵਿੱਚ ਭਗਵਾਨ ਸ਼ਿਵ ਦੇ ਰੁਦ੍ਰਾਭਿਸ਼ੇਕ ਨਿਸ਼ਚਿਤ ਤੌਰ ਤੇ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ।

# ਬੁੱਢੇ ਦਰਿਆ ਦੀ ਸਫਾਈ ਦਾ ਅਸਰ ਲੁਧਿਆਣੇ ਤੱਕ ਹੀ ਨਹੀਂ ਰਾਜਸਥਾਨ ਤੱਕ ਜਾਵੇਗਾ- ਮੁੰਡੀਆ

ਲੁਧਿਆਣਾ,( ਸੁਖਚੈਨ ਮਹਿਰਾ, )

ਮਾਲ ਤੇ ਜਲ ਸਪਲਾਈ ਮੰਤਰੀ ਸ਼੍ਰੀ ਹਰਦੀਪ ਸਿੰਘ ਮੁੰਡੀਆ ਨੇ ਬੁੱਢੇ ਦਰਿਆ ਦੀ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਕਰਵਾਈ ਜਾ ਰਹੀ ਕਾਰ ਸੇਵਾ ਦੀ ਪ੍ਰਸ਼ੰਸਾਂ ਕਰਦਿਆ ਕਿਹਾ ਬੁੱਢਾ ਦਰਿਆ ਸਾਫ ਹੋਣ ਦਾ ਅਸਰ ਇੱਕਲੇ ਪੰਜਾਬ 'ਤੇ ਹੀ ਨਹੀਂ ਸਗੋਂ ਰਾਜਸਥਾਨ ਤੱਕ ਹੋਵੇਗਾ।ਅੱਜ ਬਾਅਦ ਦੁਪਹਿਰ ਭੂਖੜੀ ਖੁਰਦ ਪਿੰਡ ਵਿੱਚ ਬੁੱਢੇ ਦਰਿਆ ਵਿੱਚ ਪੈ ਰਹੇ ਗੰਦੇ ਪਾਣੀ ਰੋਕਣ ਲਈ ਬਣਾਏ ਗਏ ਸੀਚੇਵਾਲ ਮਾਡਲ-2 ਦਾ ਜਾਇਜ਼ਾ ਲਿਆ।ਇਸ ਮੌਕੇ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆ ਨੇ ਕਿਹਾ ਕਿ ਪਹਿਲਾਂ ਹਰ ਦੇ ਮਨ ਵਿੱਚ ਇਹੀ ਗੱਲ ਬੈਠ ਗਈ ਸੀ ਕਿ ਬੁੱਢਾ ਦਰਿਆ ਕਦੇਂ ਸਾਫ ਨਹੀਂ ਹੋ ਸਕਦਾ ਪਰ ਸੰਤ ਸੀਚੇਵਾਲ ਦੇ ਸਿਰੜ ਅੱਗੇ ਜਲਦੀ ਹੀ ਬੁੱਢਾ ਨਾਲਾ ਬੁੱਢਿਆ ਦਰਿਆ ਬਣਨ ਜਾ ਰਿਹਾ ਹੈ ।ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਤੇ ਖ਼ਾਸ ਕਰਕੇ ਲੁਧਿਆਣੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਬੁੱਢਾ ਦਰਿਆ ਸਾਫ ਕਰਨ ਦੀ ਚੱਲ ਰਹੀ ਮੁਹਿੰਮ ਵਿੱਚ ਸਹਿਯੋਗ ਕਰਨ ਅਤੇ ਇਸ ਦੀ ਸਾਂਭ ਸੰਭਾਲ ਲਈ ਵੀ ਅੱਗੇ ਆਉਣ।

ਹਰਦੀਪ ਸਿੰਘ ਮੁੰਡੀਆ ਨੇ ਕਿਹਾ ਕਿ ਬੁੱਢਾ ਦਰਿਆ ਕਦੇਂ ਸਾਫ ਵਗਿਆ ਕਰਦਾ ਸੀ। ਲੋਕ ਇਸ ਵਿੱਚ ਇਸ਼ਨਾਨ ਕਰਦੇ ਸਨ ਪਰ ਦੇਖਦਿਆ ਦੇਖਦਿਆ ਹੀ ਇਹ ਦਰਿਆ ਬੁੱਢੇ ਨਾਲੇ ਵਿੱਚ ਬਦਲ ਗਿਆ।ਉਨ੍ਹਾਂ ਆਪਣੇ ਹਲਕੇ ਸਾਹਨੇਵਾਲ ਦੇ ਪਿੰਡਾਂ ਵਿੱਚ ਸੀਚੇਵਾਲ ਮਾਡਲ-2 ਤਹਿਤ ਗੰਦੇ ਪਾਣੀਆਂ ਦੇ ਕੀਤੇ ਪ੍ਰਬੰਧ ਲਈ ਵੀ ਸੰਤ ਸੀਚੇਵਾਲ ਦਾ ਧੰਨਵਾਦ ਕੀਤਾ।

ਸੰਤ ਸੀਚੇਵਾਲ ਨੇ ਪਿੰਡ ਦੇ ਗੰਦੇ ਪਾਣੀ ਨੂੰ ਸਾਫ ਕਰਨ ਲਈ ਬਣਾਏ ਮਾਡਲ ਬਾਰੇ ਜਾਣਕਾਰੀ ਦਿੰਦਿਆ ਕਿਹਾ ਕਿ ਜਿਹੜੇ ਤਿੰਨ ਖੂਹ ਬਣਾਏ ਗਏ ਹਨ ਉਨ੍ਹਾਂ ਵਿੱਚ ਦੀ ਪਾਣੀ ਸਾਈਕਲੋਨ ਵਿਧੀ ਰਾਹੀ ਘੁੰਮਕੇ ਸਾਫ ਹੋਵੇਗਾ। ਛੱਪੜ ਵਿੱਚ ਧੁੱਪ ਲੱਗਣ ਨਾਲ ਪਾਣੀ ਜਾਣ ਤੋਂ ਬਾਅਦ ਪਾਣੀ ਐਰਬਿਕ ਕ੍ਰਿਰਿਆ ਰਾਹੀ ਪਾਣੀ ਸਾਫ ਹੋਵੇਗਾ।ਛੱਪੜ ਵਿੱਚੋ ਪਾਣੀ ਖੇਤੀ ਨੂੰ ਲਗਾਉਣ ਲਈ ਸੋਲਰ ਮੋਟਰ ਲਾਈ ਜਾਵੇਗੀ।

ਇਸ ਮੌਕੇ ਪਿੰਡ ਦੇ ਸਰਪੰਚ ਸਤਪਾਲ ਸਿੰਘ ਤੇ ਨੰਬਰਦਾਰ ਸਮੇਤ ਪਿੰਡ ਦੇ ਹੋਰ ਕ ਵੀ ਸਨ ਜਿਨ੍ਹਾਂ ਮਾਲ ਮੰਤਰੀ ਦਾ ਸਵਾਗਤ ਕੀਤਾ।

## ਸੰਤ ਸੀਚੇਵਾਲ ਨੂੰ ਐਕਸਾਵੇਟਰ ਚਲਾਉਂਦਿਆ ਦੇਖ ਹੈਰਾਨ ਹੋਏ ਮੰਤਰੀ

ਪਿੰਡ ਭੂਖੜੀ ਖੁਰਦ ਵਿੱਚ ਸੀਚੇਵਾਲ ਮਾਡਲ ਦੇਖਣ ਆਏ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆ ਉਸ ਵੇਲੇ ਹੈਰਾਨ ਹੋ ਗਏ ਜਦੋਂ ਉਨ੍ਹਾਂ ਦੇਖਿਆ ਕਿ ਬੁੱਢੇ ਦਰਿਆ ਵਿੱਚ ਜੰਮਿਆ ਹੋਇਆ ਗੋਹਾ ਕੱਢਣ ਲਈ ਐਕਸਾਵੇਟਰ ਆਪ ਚਲਾ ਰਹੇ ਸਨ। ਮਾਲ ਮੰਤਰੀ ਆਪ ਦਰਿਆ ਵਿੱਚ ਦੀ ਹੋ ਕੇ ਉਥੇ ਪਹੁੰਚ ਗਏ ਜਿੱਥੇ ਸੰਤ ਸੀਚੇਵਾਲ ਜੀ ਐਕਸਾਵੇਟਰ ਚਲਾ ਰਹੇ ਸਨ।ਉਨ੍ਹਾਂ ਕਿਹਾ ਕਿ ਡੇਅਰੀਆਂ ਦਾ ਗੋਹਾ ਦਰਿਆ ਨੂੰ ਜਾਮ ਕਰ ਰਿਹਾ ਹੈ।



# ਕੋਕਾ-ਕੋਲਾ ਦੀ ਪਹਿਲਕਦਮੀਆਂ ਨੇ ਮਹਾਂ ਕੁੰਭ ਨੂੰ ਨਵੀਂ ਪਛਾਣ ਦਿੱਤੀ

ਚੰਡੀਗੜ੍ਹ: (ਲੋਕ ਬਾਣੀ) ਆਪਣੇ ਮੈਦਾਨ ਸਵੱਛ ਅਭਿਆਨ ਨਾਲ ਲੋਕਾਂ ਦੇ ਵਿਵਹਾਰ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਲਈ ਕੋਕਾ-ਕੋਲਾ ਇੰਡੀਆ ਨੇ ਮਹਾਂਕੁੰਭ ਵਿੱਚ ਵੱਡੀ ਭੂਮਿਕਾ ਨਿਭਾਈ ਹੈ।

ਇਸ ਸਾਲ, ਬ੍ਰਾਂਡ ਨੇ ਨਾ ਸਿਰਫ਼ ਵਾਤਾਵਰਣ ਦੀਆਂ ਚੁਣੌਤੀਆਂ ਨਾਲ ਨਜਿੱਠਿਆ ਹੈ, ਸਗੋਂ ਸੋਚ-ਸਮਝ ਕੇ ਅਤੇ ਲੋਕ-ਸੰਚਾਲਿਤ ਪਹਿਲਕਦਮੀਆਂ ਰਾਹੀਂ ਅਸਲ ਤਬਦੀਲੀ ਨੂੰ ਵੀ ਪ੍ਰੇਰਿਤ ਕੀਤਾ ਹੈ ਜੋ ਕੂੜੇ ਤੋਂ ਮੁੱਲ ਪੈਦਾ ਕਰਦੇ ਹਨ।

ਰੀਸਾਈਕਲ ਕੀਤੀਆਂ ਪੀਈਟੀ ਜੈਕਟਾਂ ਤੋਂ ਲੈ ਕੇ ਹਾਈਡ੍ਰੇਸ਼ਨ ਕਾਰਟਸ ਤੱਕ ਜੋ ਜ਼ਿੰਮੇਵਾਰ ਨਿਪਟਾਰੇ ਨੂੰ ਉਤਸ਼ਾਹਿਤ ਕਰਦੀਆਂ ਹਨ, ਇਹ ਈਕੋ-ਅਨੁਕੂਲ ਪਹਿਲਕਦਮੀਆਂ ਸਥਾਨਕ ਲੋਕਾਂ ਨੂੰ ਸ਼ਕਤੀ ਪ੍ਰਦਾਨ ਕਰਦੇ ਹੋਏ ਵਾਤਾਵਰਣ ਸੁਰੱਖਿਆ ਦੇ ਅਰਥ ਨੂੰ ਮੁੜ ਪਰਿਭਾਸ਼ਿਤ ਕਰ ਰਹੀਆਂ ਹਨ।

ਫੈਸਟੀਵਲ ਦੇ ਦੌਰਾਨ, ਪੰਜ ਪਹਿਲਕਦਮੀਆਂ - ਰੀਸਾਈਕਲ ਕੀਤੀਆਂ ਪੀਈਟੀ ਜੈਕਟਾਂ ਜੋ ਸੈਨੀਟੇਸ਼ਨ ਵਰਕਰਾਂ ਨੂੰ ਸ਼ਕਤੀ ਪ੍ਰਦਾਨ ਕਰਦੀਆਂ ਹਨ, ਸਮੁੰਦਰੀ ਯਾਤਰੀਆਂ ਲਈ ਲਾਈਫ ਜੈਕਟ, ਔਰਤਾਂ ਲਈ ਰੀਸਾਈਕਲ ਕੀਤੇ ਚੇਂਜਿੰਗ ਰੂਮ, ਜਾਗਰੂਕਤਾ ਲਈ ਕਲਾ, ਹਾਈਡ੍ਰੇਸ਼ਨ ਕਾਰਟ ਜ਼ਿੰਮੇਵਾਰ ਰਹਿੰਦ-ਖੂੰਹਦ ਦੇ ਨਿਪਟਾਰੇ ਨੂੰ ਉਤਸ਼ਾਹਿਤ ਕਰਨ ਅਤੇ ਆਰਥਿਕ ਮੌਕੇ ਨੂੰ ਉਤਸ਼ਾਹਿਤ ਕਰਨ - ਨੇ ਡੂੰਘਾ ਪ੍ਰਭਾਵ ਪਾਇਆ ਹੈ।

ਹਾਈਡ੍ਰੇਸ਼ਨ ਗੱਡੀਆਂ ਨੇ ਸਥਾਨਕ ਖਰੀਦਦਾਰਾਂ ਲਈ ਇੱਕ ਕਿਫ਼ਾਇਤੀ ਵਿਕਲਪ ਪ੍ਰਦਾਨ ਕੀਤਾ, ਜਦਕਿ ਇਹ ਵੀ ਯਕੀਨੀ ਬਣਾਇਆ ਕਿ ਸੈਲਾਨੀਆਂ ਨੂੰ ਸਾਫ਼ ਪਾਣੀ ਦੀ ਪਹੁੰਚ ਹੋਵੇ।

ਇਹਨਾਂ ਗੱਡੀਆਂ ਨੇ ਪਲਾਸਟਿਕ ਦੇ ਕੂੜੇ ਨੂੰ ਇਕੱਠਾ ਕਰਨ ਲਈ ਜ਼ਿੰਮੇਵਾਰ ਲਿਟਰਿੰਗ ਅਤੇ ਡੱਬਿਆਂ ਰਾਹੀਂ ਰੀਸਾਈਕਲਿੰਗ ਦੀ ਮਹੱਤਤਾ ਨੂੰ ਉਤਸ਼ਾਹਿਤ ਕੀਤਾ।

# ਸ਼ਕਤੀ ਗਰੁੱਪ ਨੇ ਰਿਨਿਊਏਬਲ ਊਰਜਾ ਖੇਤਰ ਵਿੱਚ 1700 ਕਰੋੜ ਰੁਪਏ ਦੇ ਨਿਵੇਸ਼ ਦੀ ਘੋਸ਼ਣਾ ਕੀਤੀ



ਚੰਡੀਗੜ੍ਹ (ਲੋਕ ਬਾਣੀ) ਸੋਲਰ ਪੰਪਸ ਅਤੇ ਮੋਟਰਾਂ ਦੇ ਪ੍ਰਮੁੱਖ ਨਿਰਮਾਤਾ ਅਤੇ ਸਪਲਾਇਰ ਸ਼ਕਤੀ ਪੰਪਸ (ਇੰਡੀਆ) ਲਿਮਿਟੇਡ ਨੇ 1700 ਕਰੋੜ ਰੁਪਏ ਦੇ ਮਹੱਤਵਪੂਰਨ ਨਿਵੇਸ਼ ਦੀ ਘੋਸ਼ਣਾ ਕੀਤੀ ਹੈ। ਪੀਥਮਪੁਰ ਵਿੱਚ ਲਗਭਗ 64 ਹੈਕਟੇਅਰ ਉਦਯੋਗਿਕ ਜ਼ਮੀਨ 'ਤੇ ਹੋਣ ਜਾ ਰਹੇ ਇਸ ਵਿਸ਼ਤਾਰ ਵਿੱਚ ਰਿਨਿਊਏਬਲ ਊਰਜਾ, ਸੋਲਰ ਵੈਫਰ ਤੋਂ ਸੋਲਰ ਸੈਲ, ਸੋਲਰ ਪੰਪਿੰਗ ਸਿਸਟਮ ਅਤੇ ਇਲੈਕਟ੍ਰਿਕ ਵਾਹਨ ਉਪਕਰਣਾਂ ਲਈ ਅਧੁਨਿਕ ਮੈਨੂਫੈਕਚਰਿੰਗ ਯੂਨਿਟਾਂ ਸਥਾਪਿਤ ਕੀਤੀਆਂ ਜਾਣਗੀਆਂ, ਜਿਸ ਨਾਲ ਰਾਜ ਵਿੱਚ ਰੋਜ਼ਗਾਰ ਦੇ ਵੱਡੇ ਮੌਕੇ ਤਿਆਰ ਹੋਣਗੇ। ਇਨ੍ਹਾਂ ਪ੍ਰੋਜੈਕਟਾਂ ਵਿੱਚ ਉਤਪਾਦਨ ਸ਼ੁਰੂ ਹੋਣ 'ਤੇ ਸ਼ਕਤੀ ਪੰਪਸ ਦੇਸ਼ ਦੀ ਪਹਿਲੀ ਕੰਪਨੀ ਬਣੇਗੀ, ਜਿਸ ਕੋਲ ਸੋਲਰ ਪੰਪਿੰਗ ਉਦਯੋਗ ਦੀ ਸਾਰੀ ਲੋੜਾਂ ਜਿਵੇਂ ਕਿ ਪੰਪਸ, ਮੋਟਰ, ਸੋਲਰ ਪੈਨਲ, ਸਟ੍ਰਕਚਰ, ਵੀਐਫਡੀ, ਇਨਵਰਟਰ ਆਦਿ ਬਣਾਉਣ ਦੀ ਸਮਰਥਾ ਹੋਵੇਗੀ।

1982 ਵਿੱਚ ਸਥਾਪਿਤ ਸ਼ਕਤੀ ਪੰਪਸ ਨੇ ਭਾਰਤੀ ਬਜ਼ਾਰ ਵਿੱਚ 40 ਤੋਂ ਵੱਧ ਸਾਲਾਂ ਦੀ ਸ਼ਾਨਦਾਰ ਵਿਰਾਸਤ ਹਾਸਲ ਕੀਤੀ ਹੈ। ਕੰਪਨੀ ਘਰੇਲੂ, ਖੇਤੀਬਾੜੀ, ਉਦਯੋਗਿਕ, ਸੂਰਜੀ ਅਤੇ ਸੀਵੇਜ ਪੰਪਾਂ ਦੀ ਵਿਅਪਕ ਰੇਂਜ ਉਪਲਬਧ ਕਰਵਾਉਂਦੀ ਹੈ, ਜੋ ਵੱਖ-ਵੱਖ ਲੋੜਾਂ ਨੂੰ ਪੂਰਾ ਕਰਦੀ ਹੈ। ਭਾਰਤੀ ਸੋਲਰ ਪੰਪ ਮਾਰਕੀਟ ਵਿੱਚ ਇੱਕ ਮਾਣਯੋਗ ਲੀਡਰ ਹੋਣ ਦੇ ਨਾਤੇ, ਸ਼ਕਤੀ ਪੰਪਸ ਊਰਜਾ ਦੀ ਬਚਤ ਅਤੇ ਟਿਕਾਊਤਾ ਨੂੰ ਵਧਾਵਾ ਦਿੰਦਿਆਂ 100 ਤੋਂ ਵੱਧ ਦੇਸ਼ਾਂ 'ਚ ਆਪਣੇ ਉਤਪਾਦ ਐਕਸਪੋਰਟ ਕਰਦੀ ਹੈ। ਕੰਪਨੀ ਨੇ ਹਮੇਸ਼ਾ ਮਜ਼ਬੂਤ ਵਿੱਤੀ ਕਾਰਗੁਜ਼ਾਰੀ ਅਤੇ ਲਾਭਕਾਰੀਤਾ ਦਰਸਾਈ ਹੈ। ਸ਼ਕਤੀ ਪੰਪਸ, ਸੋਲਰ ਪੰਪਾਂ ਲਈ ਨਵੀਂ ਅਤੇ ਨਵੀਨੀਕਰਨਯੋਗ ਊਰਜਾ ਮੰਤਰਾਲਾ ਦੀ ਪੀਐਮ ਕੁਸੁਮ ਯੋਜਨਾ ਦਾ ਚੈਨਲ ਪਾਰਟਨਰ ਵੀ ਹੈ, ਜੋ ਕਿ ਕੰਪਨੀ ਦੀ ਰਿਨਿਊਏਬਲ ਊਰਜਾ ਸੋਲੂਸ਼ਨਸ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਸ਼ਕਤੀ ਪੰਪਸ (ਇੰਡੀਆ) ਲਿਮਿਟੇਡ ਦੇ ਚੇਅਰਮੈਨ ਸ਼੍ਰੀ ਦਿਨੇਸ਼ ਪਾਟੀਦਾਰ ਨੇ ਕਿਹਾ ਕਿ ਇਹ ਮਹੱਤਵਪੂਰਨ ਨਿਵੇਸ਼ ਮੱਧ ਪ੍ਰਦੇਸ਼ ਅਤੇ ਇਸ ਦੇ ਵਿਕਾਸ ਪਥ ਪ੍ਰਤੀ ਸਾਡੀ ਅਟੱਲ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸਾਨੂੰ ਰਾਜ ਦੀ ਅਣਗਿਣਤ ਸੰਭਾਵਨਾਵਾਂ ਅਤੇ ਇਸਦੇ ਅਨੁਕੂਲ ਵਪਾਰਕ ਮਾਹੌਲ 'ਤੇ ਪੂਰਾ ਭਰੋਸਾ ਹੈ। ਇਹ ਵਿਸ਼ਤਾਰ, ਰਿਨਿਊਏਬਲ ਊਰਜਾ ਅਤੇ ਇਲੈਕਟ੍ਰਿਕ ਵਾਹਨ ਖੇਤਰਾਂ ਵਿੱਚ ਸਾਡੀ ਸਥਿਤੀ ਨੂੰ ਮਜ਼ਬੂਤ ਬਣਾਉਣ ਦੇ ਨਾਲ-ਨਾਲ, ਰੋਜ਼ਗਾਰ ਦੇ ਕਾਫੀ ਮੌਕੇ ਪੈਦਾ ਕਰਕੇ ਖੇਤਰ ਦੇ ਆਰਥਿਕ-ਸਮਾਜਿਕ ਵਿਕਾਸ 'ਚ ਵੀ ਇੱਕ ਮਹੱਤਵਪੂਰਨ ਯੋਗਦਾਨ ਦੇਵੇਗਾ।

# ਕੋਕਾ-ਕੋਲਾ ਦੀ ਪਹਿਲਕਦਮੀਆਂ ਨੇ ਮਹਾਂ ਕੁੰਭ ਨੂੰ ਨਵੀਂ ਪਛਾਣ ਦਿੱਤੀ



ਚੰਡੀਗੜ੍ਹ: (ਲੋਕ ਬਾਣੀ) ਆਪਣੇ ਮੈਦਾਨ ਸਵੱਛ ਅਭਿਆਨ ਨਾਲ ਲੋਕਾਂ ਦੇ ਵਿਵਹਾਰ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਲਈ ਕੋਕਾ-ਕੋਲਾ ਇੰਡੀਆ ਨੇ ਮਹਾਂਕੁੰਭ ਵਿੱਚ ਵੱਡੀ ਭੂਮਿਕਾ ਨਿਭਾਈ ਹੈ।

ਇਸ ਸਾਲ, ਬ੍ਰਾਂਡ ਨੇ ਨਾ ਸਿਰਫ਼ ਵਾਤਾਵਰਣ ਦੀਆਂ ਚੁਣੌਤੀਆਂ ਨਾਲ ਨਜਿੱਠਿਆ ਹੈ, ਸਗੋਂ ਸੋਚ-ਸਮਝ ਕੇ ਅਤੇ ਲੋਕ-ਸੰਚਾਲਿਤ ਪਹਿਲਕਦਮੀਆਂ ਰਾਹੀਂ ਅਸਲ ਤਬਦੀਲੀ ਨੂੰ ਵੀ ਪ੍ਰੇਰਿਤ ਕੀਤਾ ਹੈ ਜੋ ਕੂੜੇ ਤੋਂ ਮੁੱਲ ਪੈਦਾ ਕਰਦੇ ਹਨ।

ਰੀਸਾਈਕਲ ਕੀਤੀਆਂ ਪੀਈਟੀ ਜੈਕਟਾਂ ਤੋਂ ਲੈ ਕੇ ਹਾਈਡ੍ਰੇਸ਼ਨ ਕਾਰਟਸ ਤੱਕ ਜੋ ਜ਼ਿੰਮੇਵਾਰ ਨਿਪਟਾਰੇ ਨੂੰ ਉਤਸ਼ਾਹਿਤ ਕਰਦੀਆਂ ਹਨ, ਇਹ ਈਕੋ-ਅਨੁਕੂਲ ਪਹਿਲਕਦਮੀਆਂ ਸਥਾਨਕ ਲੋਕਾਂ ਨੂੰ ਸ਼ਕਤੀ ਪ੍ਰਦਾਨ ਕਰਦੇ ਹੋਏ ਵਾਤਾਵਰਣ ਸੁਰੱਖਿਆ ਦੇ ਅਰਥ ਨੂੰ ਮੁੜ ਪਰਿਭਾਸ਼ਿਤ ਕਰ ਰਹੀਆਂ ਹਨ।

ਫੈਸਟੀਵਲ ਦੇ ਦੌਰਾਨ, ਪੰਜ ਪਹਿਲਕਦਮੀਆਂ - ਰੀਸਾਈਕਲ ਕੀਤੀਆਂ ਪੀਈਟੀ ਜੈਕਟਾਂ ਜੋ ਸੈਨੀਟੇਸ਼ਨ ਵਰਕਰਾਂ ਨੂੰ ਸ਼ਕਤੀ ਪ੍ਰਦਾਨ ਕਰਦੀਆਂ ਹਨ, ਸਮੁੰਦਰੀ ਯਾਤਰੀਆਂ ਲਈ ਲਾਈਫ ਜੈਕਟ, ਔਰਤਾਂ ਲਈ ਰੀਸਾਈਕਲ ਕੀਤੇ ਚੇਂਜਿੰਗ ਰੂਮ, ਜਾਗਰੂਕਤਾ ਲਈ ਕਲਾ, ਹਾਈਡ੍ਰੇਸ਼ਨ ਕਾਰਟ ਜ਼ਿੰਮੇਵਾਰ ਰਹਿੰਦ-ਖੂੰਹਦ ਦੇ ਨਿਪਟਾਰੇ ਨੂੰ ਉਤਸ਼ਾਹਿਤ ਕਰਨ ਅਤੇ ਆਰਥਿਕ ਮੌਕੇ ਨੂੰ ਉਤਸ਼ਾਹਿਤ ਕਰਨ - ਨੇ ਡੂੰਘਾ ਪ੍ਰਭਾਵ ਪਾਇਆ ਹੈ।

ਹਾਈਡ੍ਰੇਸ਼ਨ ਗੱਡੀਆਂ ਨੇ ਸਥਾਨਕ ਖਰੀਦਦਾਰਾਂ ਲਈ ਇੱਕ ਕਿਫ਼ਾਇਤੀ ਵਿਕਲਪ ਪ੍ਰਦਾਨ ਕੀਤਾ, ਜਦਕਿ ਇਹ ਵੀ ਯਕੀਨੀ ਬਣਾਇਆ ਕਿ ਸੈਲਾਨੀਆਂ ਨੂੰ ਸਾਫ਼ ਪਾਣੀ ਦੀ ਪਹੁੰਚ ਹੋਵੇ।

ਇਹਨਾਂ ਗੱਡੀਆਂ ਨੇ ਪਲਾਸਟਿਕ ਦੇ ਕੂੜੇ ਨੂੰ ਇਕੱਠਾ ਕਰਨ ਲਈ ਜ਼ਿੰਮੇਵਾਰ ਲਿਟਰਿੰਗ ਅਤੇ ਡਿੱਬਿਆਂ ਰਾਹੀਂ ਰੀਸਾਈਕਲਿੰਗ ਦੀ ਮਹੱਤਤਾ ਨੂੰ ਉਤਸ਼ਾਹਿਤ ਕੀਤਾ।

ਹਾਈਡ੍ਰੇਸ਼ਨ ਕਾਰਟ ਵਿਕਰੇਤਾ ਮਾਲਾ ਗੋਸਵਾਮੀ ਨੇ ਕਿਹਾ, ਅਸੀਂ ਸੈਲਾਨੀਆਂ ਨੂੰ ਇਸ ਵਿੱਚ ਕਿਸੇ ਵੀ ਕਿਸਮ ਦੀ ਪਲਾਸਟਿਕ ਦੀਆਂ ਬੋਤਲਾਂ ਸੁੱਟਣ ਲਈ ਕਹਿੰਦੇ ਹਾਂ ਤਾਂ ਜੋ ਉਨ੍ਹਾਂ ਨੂੰ ਰੀਸਾਈਕਲ ਕੀਤਾ ਜਾ ਸਕੇ।

ਪਹਿਲਕਦਮੀ ਤੇ ਟਿੱਪਣੀ ਕਰਦੇ ਹੋਏ, ਦੇਵਯਾਨੀ ਰਾਣਾ, ਵਾਈਸ ਪ੍ਰੈਜ਼ੀਡੈਂਟ, ਕੋਕਾ ਕੋਲਾ ਇੰਡੀਆ, ਨੇ ਕਿਹਾ, ਸਾਨੂੰ ਮਹਾਂ ਕੁੰਭ 2025 ਦੌਰਾਨ ਸਾਡੇ ਮੈਦਾਨ ਸਵੱਛ ਅਭਿਆਨ ਦੇ ਸਥਾਈ ਪ੍ਰਭਾਵ ਤੇ ਮਾਣ ਹੈ। ਸਾਂਝੇ ਯਤਨਾਂ ਰਾਹੀਂ ਅਸੀਂ ਲੋਕਾਂ ਨੂੰ ਸ਼ਕਤੀ ਪ੍ਰਦਾਨ ਕਰਦੇ ਹਾਂ, ਜ਼ਿੰਮੇਵਾਰ ਵਿਹਾਰ ਨੂੰ ਉਤਸ਼ਾਹਿਤ ਕਰਦੇ ਹਾਂ ਅਤੇ ਚੁਣੌਤੀਆਂ ਨੂੰ ਸਾਰਥਕ ਮੌਕਿਆਂ ਵਿੱਚ ਬਦਲਦੇ ਹਾਂ। ਇਹ ਮੁਹਿੰਮ ਇਸ ਗੱਲ ਦਾ ਪ੍ਰਮਾਣ ਹੈ ਕਿ ਜਦੋਂ ਅਸੀਂ ਇਕੱਠੇ ਕੰਮ ਕਰਦੇ ਹਾਂ ਤਾਂ ਕੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਨੇ ਨਾ ਸਿਰਫ਼ ਕੂੜਾ ਪ੍ਰਬੰਧਨ ਨੂੰ ਹੁਲਾਰਾ ਦਿੱਤਾ, ਸਗੋਂ ਕੂੜੇ ਦੀ ਉਦੇਸ਼ਪੂਰਨ ਵਰਤੋਂ ਨੂੰ ਇੱਕ ਨਵੀਂ ਦਿਸ਼ਾ ਵੀ ਦਿੱਤੀ।

# ਦੁਰਲਭ ਆਨੁਵੰਸ਼ਿਕ ਬਿਮਾਰੀ ਨਾਲ ਪੀੜਤ ਬੱਚਿਆਂ ਨੂੰ 1 ਲਖ ਰੁਪਏ ਦੀ ਮੁਫ਼ਤ ਦਵਾਈਆਂ ਭੇਂਟ



ਮਾਲੇਰਕੋਟਲਾ, (ਕਿੰਮੀ ਅਰੋੜਾ,ਅਸਲਮ ਨਾਜ਼) ਮਾਸੂਮ ਬੱਚਿਆਂ ਨੂੰ ਆਪਣੀ ਲਪੇਟ ਵਿੱਚ ਲੈਣ ਵਾਲੀ ਭਿਆਨਕ ਤੇ ਅਣਉਚਾਰੀ ਬਿਮਾਰੀ ਮਸਕੁਲਰ ਡਿਸਟ੍ਰਾਫੀ (ਪੇਸ਼ੀ ਦੁਰਵਿਕਾਸ) ਦੇ ਇਲਾਜ-ਸਰਕਾਰੀ ਸਹਾਇਤਾ ਲਈ ਸੇਵਾ ਟਰੱਸਟ ਨੇ ਪੀੜਤ ਬੱਚਿਆਂ ਦੀ ਪੀ.ਜੀ.ਆਈ. ਚੰਡੀਗੜ੍ਹ ਵਿੱਚ ਰਜਿਸਟ੍ਰੇਸ਼ਨ,ਸਰਕਾਰੀ ਆਯੁਰਵੇਦਿਕ ਹਸਪਤਾਲ ਪਟਿਆਲਾ ਵਿੱਚ ਇਲਾਜ ਲਈ ਪ੍ਰੇਰਿਤ ਕੀਤਾ ਤਾ ਡਾਬਰ ਕੰਪਨੀ ਨੇ ਪ੍ਰਮੁੱਖ ਤੌਰ 'ਤੇ ਰੋਗਿਆਂ ਦੇ ਮਨਾਂ ਵਿਚ ਆਸ ਦੀ ਨਵੀਂ ਕਿਰਣ ਜਗਾਈ। ਇਹ ਵਿਚਾਰ ਸੇਵਾ ਟਰੱਸਟ ਯੂ.ਕੇ. (ਭਾਰਤ) ਦੇ ਰਾਸ਼ਟਰੀ ਚੇਅਰਮੈਨ ਨਰੇਸ਼ ਮਿੱਤਲ,ਰਾਸ਼ਟਰੀ ਉਪ-ਚੇਅਰਮੈਨ ਡਾ. ਵਰਿੰਦਰ ਜੈਨ ਨੇ ਸਰਕਾਰੀ ਆਯੁਰਵੇਦ ਹਸਪਤਾਲ ਪਟਿਆਲਾ ਦੇ ਡਾ. ਅਸ਼ਵਿਨੀ ਰਾਣਾ ਦੀ ਸਲਾਹ ਉਪਰੰਤ ਜਿਲਾ ਲੁਧਿਆਣਾ ਦੇ 1,ਜ਼ਿਲ੍ਹਾ ਮਾਲੇਰਕੋਟਲਾ ਦੇ 3 ਮਾਸੂਮ ਬੱਚਿਆਂ ਨੂੰ 1 ਲਖ ਰੁਪਏ ਦੀ ਦਵਾਈ-ਇਮਿਊਨਿਟੀ ਕਿੱਟ ਵੰਡਦੇ ਪ੍ਰਗਟ ਕੀਤੇ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਟੀਮ ਦੇ ਅਸ਼ੋਕ ਸਿੰਗਲਾ, ਅਨਿਲ ਗੁਪਤਾ, ਸੰਜੀਵ ਸਿੰਗਲਾ, ਸੌਰਭ ਸ਼ਰਮਾ, ਅਵਤਾਰ ਸਿੰਘ, ਸਾਹਿਲ ਜਿੰਦਲ, ਸ਼ਾਹਿਦਾ ਬਾਨੋ, ਹੈਰੀ ਬਰਾਰ, ਰਵਿੰਦਰ ਸ਼ਰਮਾ, ਰਾਜਾ ਫਰੀਦੀ, ਰਜ਼ੀਆ ਖਾਨ ਨੇ 245ਵੇਂ ਜ਼ਿਲ੍ਹਾ ਪ੍ਰਕਲਪ ਹੇਠ ਕੋ-ਸਪਾਂਸਰ ਡਾਬਰ ਇੰਡੀਆ ਲਿਮਿਟੇਡ ਦੇ ਸਹਿਯੋਗ ਨਾਲ ਭਾਰਤ ਸਵਸਥ-ਸਮੁਦਾਇ ਸਵਸਥ ਅਭਿਆਨ ਤਹਿਤ 10 ਸਾਲਾ ਭਵਿਆ ਗੋਇਲ ਨੂੰ ਚੌਥੇ ਚਰਣ, 5 ਸਾਲਾ ਮੁਹੰਮਦ ਕੈਫ-2 ਸਾਲਾ ਮੁਹੰਮਦ ਜ਼ੈਦ ਨੂੰ ਤੀਜੇ ਚਰਣ, ਜਿਲਾ ਲੁਧਿਆਣਾ ਦੇ 9 ਸਾਲਾ ਸਿਰਜ ਗਰੋਵਰ ਨੂੰ ਪਹਿਲੇ ਚਰਣ ਲਈ 1 ਲਖ ਰੁਪਏ ਦੀ ਲਾਗਤ ਵਾਲੀ 3 ਮਹੀਨਿਆਂ ਦੀ ਆਯੁਰਵੇਦਿਕ ਦਵਾਈ--ਇਮਿਊਨਿਟੀ ਬੂਸਟਰ ਕਿੱਟ (ਫਲ, ਜੂਸ,ਵੀਟਾ ਪਾਉਡਰ,ਨਾਰੀਅਲ ਆਇਲ, ਆਵਲਾ-ਬਾਦਾਮ-ਸਰਸੋਂ ਤੇਲ, ਅਸ਼ਵਗੰਧਾ ਸਰਪ, ਰੰਗ, ਬਾਦਾਮ ਰੋਗਣ ਆਦਿ) ਭੇਂਟ ਕੀਤੀ।

ਇਸ ਮੌਕੇ ਮਿੱਤਲ ਨੇ ਦੱਸਿਆ ਕਿ ਡੀ.ਐਮ.ਡੀ. (ਮਸਕੁਲਰ ਡਿਸਟ੍ਰਾਫੀ) ਜਨਮ ਤੋਂ ਹੀ ਜੀਨ ਵਿਕਾਰ ਕਰਕੇ ਮਾਸਪੇਸ਼ੀਆਂ ਨੂੰ ਕਮਜ਼ੋਰ,ਪਿੰਡਲੀਆਂ ਵਿੱਚ ਜਕੜਨ, ਹਿਰਦੇ ਦੀ ਕਮਜ਼ੋਰੀ, ਧਰਤੀ ਤੋਂ ਉਠਣ ਵਿੱਚ ਮੁਸ਼ਕਿਲ ਆਦਿ ਲੱਛਣ ਪੈਦਾ ਕਰਦੀ ਹੈ ਅਤੇ ਇਲਾਜ ਨਾ ਮਿਲਣ ਕਾਰਨ ਪੀੜਤ ਬੱਚੇ ਛੋਟੀ ਉਮਰ ਵਿੱਚ ਹੀ ਮੌਤ ਦੇ ਗਾਲ ਵਿੱਚ ਚਲੇ ਜਾਂਦੇ ਹਨ ਜਾਂ ਫਿਰ ਮੈਡੀਕਲ ਉਪਕਰਣਾਂ 'ਤੇ ਨਿਰਭਰ ਹੋਣ ਲਈ ਮਜਬੂਰ ਹੋ ਜਾਂਦੇ ਹਨ। ਉਨ੍ਹਾਂ ਅੰਬਾਲਾ ਜ਼ਿਲ੍ਹੇ ਦੇ ਪਿੰਡ ਸਾਹਾ ਵਿੱਚ 6655 ਵਰਗ ਫੁੱਟ ਜ਼ਮੀਨ 'ਤੇ ਬਣਨ ਵਾਲੇ 'ਸੇਵਾ ਧਾਮ' (ਮਲਟੀ-ਫੈਸਿਲਟੀ ਹੋਮ) ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਆਧੁਨਿਕ ਸੇਵਾ ਧਾਮ ਵਿੱਚ ਰੇਅਰ ਬਿਮਾਰੀ ਵਾਲੇ ਬੱਚਿਆਂ ਨੂੰ ਮੁਫ਼ਤ ਫਿਜ਼ਿਓਥੈਰੇਪੀ, ਕਟੁ-ਥੈਰੇਪੀ, ਯੋਗ, ਮੇਡੀਟੇਸ਼ਨ, ਹਾਈਡ੍ਰੋਥੈਰੇਪੀ, ਇਮੋਸ਼ਨਲ ਸਪੋਰਟ ਐਂਡ ਕਾਊਂਸਲਿੰਗ ਥੈਰੇਪੀ ਪ੍ਰਦਾਨ ਕੀਤੀ ਜਾਵੇਗੀ ਅਤੇ ਨਾਲ ਹੀ ਡਾਈਅਗਨੋਸਟਿਕ ਸੈਂਟਰ,ਕੁੜੀਆਂ ਲਈ ਕੰਪਿਊਟਰ ਸਕਿਲ ਸੈਂਟਰ, ਮਹਿਲਾਵਾਂ ਲਈ ਸਿਲਾਈ ਪ੍ਰਸ਼ਿਕਸ਼ਣ ਤੇ ਉਤਪਾਦਨ ਕੇਂਦਰ,ਵਰਿਸ਼ਠ ਨਾਗਰਿਕਾਂ ਲਈ ਡੇ-ਕੇਅਰ ਸੈਂਟਰ ਦੀ ਵੀ ਸਹੂਲਤ ਉਪਲਬਧ ਹੋਵੇਗੀ।

# ਸੇਵਾਵਾਂ ਅਤੇ ਸਹੂਲਤ ਪ੍ਰਦਾਨ ਕਰਨ ਲਈ ਜ਼ਿਲ੍ਹੇ ਦੇ ਸਮੂਹ ਤਹਿਸੀਲ ਕੰਪਲੈਕਸਾਂ ਵਿਖੇ ਈ-ਸੇਵਾ, ਐਮ-ਸੇਵਾ ਪੋਰਟਲ ਦੀ ਦਿੱਤੀ ਟਰੇਨਿੰਗ



ਮਾਲੇਰਕੋਟਲਾ :(ਕਿੰਮੀ ਅਰੋੜਾ,ਅਸਲਮ ਨਾਜ਼)

ਜ਼ਿਲ੍ਹੇ ਦੇ ਸਮੂਹ ਪਿੰਡਾਂ ਦੇ ਸਰਪੰਚਾਂ,ਨੰਬਰਦਾਰਾਂ ਅਤੇ ਮਿਊਂਸੀਪਲ ਕੌਂਸਲਰਾਂ ਨੂੰ ਗੁੱਡ ਗਵਰਨੈਂਸ ਤਹਿਤ ਪ੍ਰਸ਼ਾਸਨਿਕ ਸੁਧਾਰ ਵਿਭਾਗ (ਡੀ.ਜੀ.ਆਰ.) ਵੱਲੋਂ ਈ-ਗਵਰਨੈਂਸ ਪ੍ਰਣਾਲੀ ਨਾਲ ਜੋੜ੍ਹਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਉਹ ਇਸ ਪ੍ਰਣਾਲੀ ਨਾਲ ਜੁੜ ਕੇ ਆਮ ਲੋਕਾਂ ਦੇ ਦਸਤਾਵੇਜ ਆਨਲਾਈਨ ਤਸਦੀਕ ਕਰ ਸਕਣ । ਇਸੇ ਕੜੀ ਤਹਿਤ ਡਿਪਟੀ ਕਮਿਸ਼ਨਰ ਵਿਰਾਜ ਸ਼ਿਆਮਕਰਨ ਤਿੜਕੇ ਦੇ ਦਿਸ਼ਾ ਨਿਰਦੇਸ਼ਾਂ ਅਤੇ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਜ਼ਿਲ੍ਹੇ ਦੀਆਂ ਸਮੂਹ ਤਹਿਸੀਲ ਕੰਪਲੈਕਸਾਂ(ਅਮਰਗੜ੍ਹ,ਅਹਿਮਦਗੜ੍ਹ ਅਤੇ ਮਾਲੇਰਕੋਟਲਾ) ਵਿਖੇ ਨਵ ਨਿਯੁਕਤ ਸਰਪੰਚਾਂ,ਨੰਬਰਦਾਰਾਂ ਅਤੇ ਨਗਰ ਕੌਂਸਲਰਾਂ ਦੀ ਈ-ਸੇਵਾ ਪੋਟਰਲ ਤੇ ਆਈ.ਡੀਜ਼. ਬਣਾਉਣ ਲਈ ਵਿਸ਼ੇਸ ਕੈਂਪਾਂ ਦਾ ਆਯੋਜਨ ਕੀਤਾ ਗਿਆ।

ਇਹ ਟਰੇਨਿੰਗ ਅਤੇ ਆਨ ਬੋਰਡ (ਈ-ਸੇਵਾ ਪੋਟਰਲ ਤੇ ਆਈ.ਡੀਜ਼. ਬਣਾਉਣ) ਦਾ ਪ੍ਰੋਗਰਾਮ ਪੰਜਾਬ ਸਰਕਾਰ ਵਲੋਂ ਨਵੇਕਲੀ ਪਹਿਲਕਦਮੀ ਕਰਦਿਆਂ ਸ਼ੁਰੂ ਕੀਤਾ ਗਿਆ ਹੈ ਤਾਂ ਜੋ ਅਵਾਮ ਨੂੰ ਸਰਕਾਰੀ ਸੇਵਾਵਾਂ ਦੀਡਿਜੀਟਾਈਜ਼ੇਸ਼ਨ ਅਤੇ ਨਾਗਰਿਕਾਂ ਦੇ ਅਨੁਭਵਾਂ ਨੂੰ ਹੋਰ ਬਿਹਤਰ ਬਣਾਇਆ ਜਾ ਸਕੇ ਤਾਂ ਜੋ ਲੋਕਾਂ ਦੇ ਨੁਮਾਇੰਦੇ ਸਰਪੰਚ,ਕੌਂਸਲਰ ਈ-ਗਵਰਨੈਂਸ ਪ੍ਰਣਾਲੀ ਨਾਲ ਦਸਤਾਵੇਜ਼ ਆਨਲਾਈਨ ਤਸਦੀਕ ਕਰ ਸਕਣ ।

ਡਿਪਟੀ ਕਮਿਸ਼ਨਰ ਵਿਰਾਜ ਸ਼ਿਆਮਕਰਨ ਤਿੜਕੇ ਨੇ ਜ਼ਿਲ੍ਹੇ ਦੇ ਸਰਪੰਚਾਂ,ਨੰਬਰਦਾਰਾਂ ਅਤੇ ਕੌਂਸਲਰਾਂ ਜਿਨ੍ਹਾਂ ਨੇ ਈ.ਸੇਵਾ ਆਈ.ਡੀ.ਨਹੀ ਬਣਵਾਈ ਨੂੰ ਕਿਹਾ ਕਿ ਉਹ ਆਪਣੀ ਆਈ.ਡੀ.ਬਣਾਉਣ ਨੂੰ ਤਰਜੀਹ ਦੇਣ ਅਤੇ ਆਪਣੀ ਆਈ.ਡੀਜ਼ ਬਣਾਉਣ ਲਈ ਦਫ਼ਤਰ ਡਿਪਟੀ ਕਮਿਸ਼ਨਰ ਵਿਖੇ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਵਿਭਾਗ ਦੀ ਆਈ.ਟੀ ਸ਼ਾਖਾ ਨਾਲ ਸੰਪਰਕ ਕਰ ਸਕਦੇ ਹਨ ।ਉਨ੍ਹਾਂ ਜ਼ਿਲ੍ਹੇ ਦੇ ਸਮੂਹ ਲੋਕ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਆਈ.ਡੀ. ਬਣਾਉਣ ਅਤੇ ਟਰੇਨਿੰਗ ਦਾ ਵੱਧ ਤੋਂ ਵੱਧ ਲਾਹਾ ਲੈਣ ਤਾਂ ਜੋ ਜ਼ਿਲ੍ਹੇ ਦੇ ਲੋਕਾਂ ਨੂੰ ਸੁਖਾਲੇ ਤਰੀਕੇ ਨਾਲ ਜਾਤੀ,ਰਿਹਾਇਸ਼,ਬੁਢਾਪਾ ਪੈਨਸ਼ਨ, ਡੋਗਰਾ,ਈ.ਡਬਲਿਊ.ਐਸ,ਆਮਦਨ ਸਰਟੀਫਿਕੇਟ ਆਦਿ ਸਬੰਧੀ ਤਸਦੀਕ ਕਰਵਾਉਣ ਦੀ ਪ੍ਰਕਿਰਿਆ ਦੀ ਸਹੂਲਤ ਘਰ ਬੈਠੇ ਹੀ ਮਿਲ ਸਕੇ।

# ਜਲੰਧਰ ਦਿਹਾਤੀ ਪੁਲਿਸ ਨੇ ਗੋਰਾਇਆ ਵਿਆਹ ਸਮਾਗਮ ਚ ਹੋਏ ਕਤਲ ਦੀ ਗੁੱਥੀ ਸੁਲਝਾਈ*



ਜਲੰਧਰ, 26 ਫਰਵਰੀ : (ਲੋਕ ਬਾਣੀ)

ਜਲੰਧਰ ਦਿਹਾਤੀ ਪੁਲਿਸ ਨੇ ਇੱਕ ਵੱਡਾ ਮਾਮਲਾ ਸੁਲਝਾਉਂਦਿਆਂ ਕਤਲ ਦੇ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਪਿੰਡ ਚੱਕ ਦੇਸ ਰਾਜ ਵਿੱਚ ਇੱਕ ਐਨ.ਆਰ.ਆਈ. ਪਰਿਵਾਰ ਦੇ ਵਿਆਹ ਸਮਾਗਮ ਵਿੱਚ ਹੋਈ ਘਾਤਕ ਗੋਲੀਬਾਰੀ ਵਿੱਚ ਵਰਤਿਆ ਰਿਵਾਲਵਰ ਬਰਾਮਦ ਕਰ ਲਿਆ ਹੈ।

ਕਤਲ ਦੇ ਦੋਸ਼ ਵਿੱਚ ਫੜੇ ਗਏ ਵਿਅਕਤੀ ਦੀ ਪਛਾਣ ਹਰੀਮਨ ਸਿੰਘ ਉਰਫ਼ ਹਰਮਨ ਪੁੱਤਰ ਅਰਵਿੰਦਰ ਸਿੰਘ ਉਰਫ਼ ਬਿੱਟੂ ਵਾਸੀ ਪਿੰਡ ਗੋਰਾਇਆ ਵਜੋਂ ਹੋਈ ਹੈ। ਪੁਲਿਸ ਜਾਂਚ ਵਿੱਚ ਪਤਾ ਲੱਗਿਆ ਹੈ ਕਿ ਮੁਲਜ਼ਮ ਨੇ ਜਸ਼ਨ ਦੌਰਾਨ ਤਿੰਨ ਗੋਲੀਆਂ ਚਲਾਈਆਂ, ਜਿਸ ਵਿੱਚੋਂ ਪਹਿਲੀ ਗੋਲੀ ਸਿੱਧੀ ਪਰਮਜੀਤ ਸਿੰਘ ਨੂੰ ਲੱਗੀ, ਜਿਸ ਕਾਰਨ ਉਸਦੀ ਮੌਕੇ ਤੇ ਹੀ ਮੌਤ ਹੋ ਗਈ। ਜਲੰਧਰ ਦਿਹਾਤੀ ਦੇ ਸੀਨੀਅਰ ਪੁਲਿਸ ਕਪਤਾਨ ਹਰਕਮਲ ਪ੍ਰੀਤ ਸਿੰਘ ਖੱਖ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੀਐਸਪੀ ਫਿਲੌਰ ਸਰਵਣ ਸਿੰਘ ਬੱਲ ਦੀ ਨਿਗਰਾਨੀ ਹੇਠ ਸਬ-ਇੰਸਪੈਕਟਰ ਗੁਰਸ਼ਰਨ ਸਿੰਘ, ਸਟੇਸ਼ਨ ਹਾਊਸ ਅਫਸਰ ਗੋਰਾਇਆ ਦੀ ਅਗਵਾਈ ਵਾਲੀ ਪੁਲਿਸ ਟੀਮ ਵਲੋਂ ਇਹ ਮਾਮਲਾ ਸੁਲਝਾਇਆ ਗਿਆ ਹੈ।

ਐਸਐਸਪੀ ਖੱਖ ਨੇ ਅੱਗੇ ਦੱਸਿਆ ਕਿ 22 ਫਰਵਰੀ 2025 ਨੂੰ ਏ.ਐਸ.ਆਈ. ਸੁਭਾਸ਼ ਕੁਮਾਰ, ਇੰਚਾਰਜ ਪੁਲਿਸ ਚੌਂਕੀ ਧੂਲੇਟਾ ਨੂੰ 17 ਫਰਵਰੀ ਨੂੰ ਹੋਈ ਗੋਲੀਬਾਰੀ ਦੀ ਘਟਨਾ ਬਾਰੇ ਮਹੱਤਵਪੂਰਨ ਜਾਣਕਾਰੀ ਮਿਲੀ ਸੀ। ਲਗਭਗ 10:00 ਵਜੇ ਪਿੰਡ ਚੱਕ ਦੇਸ ਰਾਜ ਵਿੱਚ ਇੱਕ ਐਨ.ਆਰ.ਆਈ. ਪਰਿਵਾਰ ਦੇ ਵਿਆਹ ਸਮਾਰੋਹ ਦੌਰਾਨ ਮੁਲਜ਼ਮ ਨੇ ਸਰਕਾਰੀ ਪਾਬੰਦੀਆਂ ਦੀ ਪੂਰੀ ਤਰ੍ਹਾਂ ਉਲੰਘਣਾ ਕਰਦੇ ਹੋਏ ਕਈ ਗੋਲੀਆਂ ਚਲਾਈਆਂ। ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਪੁੱਛਗਿੱਛ ਦੌਰਾਨ, ਮੁਲਜ਼ਮ ਨੇ ਘਟਨਾ ਬਾਰੇ ਪਰੇਸ਼ਾਨ ਕਰਨ ਵਾਲੇ ਵੇਰਵਿਆਂ ਦਾ ਖੁਲਾਸਾ ਕੀਤਾ ਜੋ ਵੀਡੀਓ ਤੇ ਕੈਦ ਹੋ ਗਿਆ ਸੀ ਅਤੇ ਬਾਅਦ ਵਿੱਚ ਸੋਸ਼ਲ ਮੀਡੀਆ ਪਲੇਟਫਾਰਮਾਂ ਤੇ ਪ੍ਰਸਾਰਿਤ ਕੀਤਾ ਗਿਆ ਸੀ। ਜਨਤਕ ਇਕੱਠਾਂ ਦੌਰਾਨ ਹਵਾਈ ਫਾਇਰਿੰਗ ਤੇ ਪਾਬੰਦੀ ਲਗਾਉਣ ਵਾਲੇ ਸਖ਼ਤ ਨਿਯਮਾਂ ਦੇ ਬਾਵਜੂਦ, ਦੋਸ਼ੀ ਨੇ ਲਾਪਰਵਾਹੀ ਨਾਲ ਸਮਾਗਮ ਵਿੱਚ ਮੌਜੂਦ ਕਈ ਮਹਿਮਾਨਾਂ ਨੂੰ ਖਤਰੇ ਵਿੱਚ ਪਾਇਆ।

ਸ਼੍ਰੀ ਖੱਖ ਨੇ ਦੱਸਿਆ ਕਿ ਅਗਲੇਰੀ ਜਾਂਚ ਵਿੱਚ ਪੰਜ ਵਿਅਕਤੀਆਂ ਦਾ ਮੌਤ ਦਾ ਅਸਲ ਕਾਰਨ ਛੁਪਾਉਣ ਦੀ ਕੋਸ਼ਿਸ਼ ਦਾ ਪਰਦਾਫਾਸ਼ ਹੋਇਆ, ਜਿਨ੍ਹਾਂ ਨੇ ਲਾਜ਼ਮੀ ਪੋਸਟਮਾਰਟਮ ਜਾਂਚ ਕੀਤੇ ਬਿਨਾਂ ਮ੍ਰਿਤਕ ਦੀ ਲਾਸ਼ ਦਾ ਸਸਕਾਰ ਕਰਕੇ ਜਾਣਬੁੱਝ ਕੇ ਸਬੂਤ ਲੁਕਾਏ। ਇਨ੍ਹਾਂ ਪੰਜਾਂ ਦਾ ਨਾਮ ਪਿੰਡ ਚੱਕ ਦੇਸ ਰਾਜ ਤੋਂ ਰਛਪਾਲ ਸਿੰਘ (ਐਨਆਰਆਈ), ਸੁਖਜੀਤ ਸਹੋਤਾ ਅਤੇ ਭੁਪਿੰਦਰ ਸਿੰਘ, ਪਿੰਡ ਲਾਡੀਆ ਤੋਂ ਸਤਿੰਦਰ ਸਿੰਘ ਅਤੇ ਇਸ ਸਮੇਂ ਅਮਰੀਕਾ ਵਿੱਚ

# ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੀ ਹੋਈ ਮੀਟਿੰਗ*



ਲੁਧਿਆਣਾ (ਲੋਕ ਬਾਣੀ) : ਸੁੰਦਰ ਨਗਰ ਡਵੀਜ਼ਨ ਵਿਖੇ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੀ ਡਵੀਜ਼ਨ ਪੱਧਰ ਦੀ ਮੀਟਿੰਗ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਦੂਦਾਂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸੂਬਾ ਡਿਪਟੀ ਜਨਰਲ ਸਕੱਤਰ ਰਛਪਾਲ ਸਿੰਘ ਪਾਲੀ ਅਤੇ ਸੀਨੀਅਰ ਆਗੂ ਸੋਬਨ ਸਿੰਘ ਠਾਕੁਰ ਉਚੇਚੇ ਤੌਰ ਤੇ ਪਹੁੰਚੇ। ਜਿਨ੍ਹਾਂ ਮੀਟਿੰਗ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਨੇ ਦੱਸਿਆ ਕਿ ਇਸ ਵਿੱਚ ਜਿੱਥੇ ਮੁਲਾਜਮਾਂ ਦੇ ਮਸਲਿਆਂ ਨੂੰ ਵਿਚਾਰਿਆ ਗਿਆ ਹੈ ਉਥੇ ਏਟਕ ਦੀ ਚੰਡੀਗੜ੍ਹ ਵਿੱਚ ਹੋਣ ਜਾ ਰਹੀ ਦੇਸ਼ ਪੱਧਰੀ ਕਾਨਫਰੰਸ ਅਤੇ ਅੱਗੇ ਹੋਣ ਵਾਲੀ ਨਵੀਂ ਚੋਣ ਬਾਰੇ ਵੀ ਚਰਚਾ ਹੋਈ ਹੈ। ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਦੱਸਿਆ ਕਿ ਏਟਕ ਦੇ ਬਹੁਤ ਹੀ ਜੁਝਾਰੂ ਆਗੂ ਲੁਧਿਆਣਾ ਜੋਨ ਦੇ ਕਨਵੀਨਰ ਸਾਥੀ ਸਤੀਸ਼ ਕੁਮਾਰ 28 ਫਰਵਰੀ ਨੂੰ ਸੇਵਾਮੁਕਤ ਹੋਣ ਜਾ ਰਹੇ ਹਨ ਜਿਨ੍ਹਾਂ ਦੀ ਸੇਵਾਮੁਕਤੀ ਨੂੰ ਯਾਦਗਾਰੀ ਬਣਾਉਣ ਲਈ 1 ਮਾਰਚ ਨੂੰ ਐਮਸ਼ਨ ਪੈਲਸ ਮੋਤੀ ਨਗਰ ਵਿਖੇ ਵਿਦਾਇਗੀ ਪਾਰਟੀ ਰੱਖੀ ਹੈ। ਉਨ੍ਹਾਂ ਸਾਰੇ ਬਿਜਲੀ ਮੁਲਾਜਮਾਂ ਨੂੰ ਇਸ ਵਿੱਚ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਦੀਪਕ ਕੁਮਾਰ, ਕਰਤਾਰ ਸਿੰਘ, ਅਮਰਜੀਤ ਸਿੰਘ, ਪ੍ਰਕਾਸ਼ ਚੰਦ, ਰਾਮ ਅਵਧ, ਹਰਫੂਲ ਮਸੀਹ, ਬਲਸ਼ੇਰ ਸਿੰਘ ਅਤੇ ਹੋਰ ਹਾਜ਼ਰ ਸਨ।


# ਡਿਪਟੀ ਕਮਿਸ਼ਨਰ ਵੱਲੋਂ ਗਰਮੀ ਰੁੱਤ ਦੇ ਸਬਜ਼ੀ ਬੀਜਾਂ ਦੀ ਕਿੱਟ ਜਾਰੀ

ਜਲੰਧਰ, (ਲੋਕ ਬਾਣੀ): ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਬਾਗਬਾਨੀ ਵਿਭਾਗ ਵੱਲੋਂ ਘਰੇਲੂ ਬਗੀਚੀ ਲਈ ਤਿਆਰ ਗਰਮੀ ਰੁੱਤ ਦੇ ਸਬਜ਼ੀ ਬੀਜਾਂ ਦੀ ਕਿੱਟ ਜਾਰੀ ਕਰਦਿਆਂ ਜ਼ਿਲ੍ਹੇ ਦੇ ਲੋਕਾਂ ਨੂੰ ਚੰਗੀ ਸਿਹਤ ਲਈ ਘਰੇਲੂ ਬਗੀਚੀ ਤਹਿਤ ਆਪਣੇ ਘਰਾਂ ਵਿਚ ਰਸਾਇਣਿਕ ਜ਼ਹਿਰਾਂ ਤੋਂ ਰਹਿਤ ਸਬਜ਼ੀਆਂ ਦੀ ਕਾਸ਼ਤ ਕਰਨ ਦਾ ਸੱਦਾ ਦਿੱਤਾ।

ਡਾ. ਅਗਰਵਾਲ ਨੇ ਕਿਹਾ ਕਿ ਚੰਗੀ ਸਿਹਤ ਲਈ ਲੋੜੀਂਦੀ ਸੰਤੁਲਿਤ ਖੁਰਾਕ ਵਿੱਚ ਸਬਜ਼ੀਆਂ ਦਾ ਖਾਸ ਮਹੱਤਵ ਹੈ, ਜੋ ਕਿ ਵਿਟਾਮਿਨ, ਮਿਨਰਲ, ਫਾਈਬਰ ਦਾ ਵਧੀਆ ਸੋਮਾ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਪਰਿਵਾਰ ਦੀ ਲੋੜ ਅਨੁਸਾਰ ਆਪਣੇ ਘਰ ਵਿੱਚ ਘਰੇਲੂ ਬਗੀਚੀ ਤਹਿਤ ਸਬਜ਼ੀਆਂ ਦੀ ਰਸਾਇਣਿਕ ਜ਼ਹਿਰਾਂ ਤੋਂ ਰਹਿਤ ਕਾਸ਼ਤ ਕਰਨੀ ਚਾਹੀਦੀ ਹੈ, ਜਿਸ ਨਾਲ ਇੱਕ ਤਾਂ ਉਨ੍ਹਾਂ ਦੇ ਪੈਸੇ ਦੀ ਬੱਚਤ ਹੋਵੇਗੀ ਅਤੇ ਦੂਜਾ ਸਾਫ਼-ਸੁਥਰੀ ਅਤੇ ਤਾਜ਼ੀ ਸਬਜ਼ੀ ਦਾ ਸੇਵਨ ਕਰਨ ਨਾਲ ਸਿਹਤ ਤੰਦਰੁਸਤ ਰਹੇਗੀ ਕਿਉਂਕਿ ਸਬਜ਼ੀਆਂ ਤੋਂ ਖੁਰਾਕੀ ਤੱਤ ਭਰਪੂਰ ਮਾਤਰਾ ਵਿੱਚ ਮਿਲਦੇ ਹਨ।

ਡਾ. ਅਗਰਵਾਲ ਨੇ ਅੱਗੇ ਦੱਸਿਆ ਕਿ ਬਾਗਬਾਨੀ ਵਿਭਾਗ ਵੱਲੋਂ ਮਹੀਨਾ ਫਰਵਰੀ-ਮਾਰਚ ਦੌਰਾਨ 35,000 ਸਬਜ਼ੀ ਬੀਜ ਕਿੱਟਾਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਦਿੱਤੀਆਂ ਜਾ ਰਹੀਆਂ ਹਨ। ਇਹ ਕਿੱਟਾਂ ਤਿਆਰ ਕਰਨ ਲਈ ਜ਼ਿਲ੍ਹਾ ਜਲੰਧਰ ਨੂੰ ਨੋਡਲ ਏਜੰਸੀ ਵਜੋਂ ਨਿਯੁਕਤ ਕੀਤਾ ਗਿਆ ਹੈ।

ਇਸ ਮੌਕੇ ਸਹਾਇਕ ਡਾਇਰੈਕਟਰ ਬਾਗਬਾਨੀ ਜਲੰਧਰ ਡਾ. ਦਲਜੀਤ ਸਿੰਘ ਗਿੱਲ ਨੇ ਦੱਸਿਆ ਕਿ ਇਨ੍ਹਾਂ ਕਿੱਟਾਂ ਵਿੱਚ 10 ਵੱਖ-ਵੱਖ ਕਿਸਮਾਂ ਦੇ ਸਬਜ਼ੀ ਬੀਜ ਹਨ, ਜਿਨ੍ਹਾਂ ਵਿੱਚ ਭਿੰਡੀ, ਘੀਆ ਕੱਦੂ, ਖੀਰਾ, ਚੱਪਣ ਕੱਦੂ, ਘੀਆ ਤੋਰੀ, ਕਾਊਪੀਜ਼ (ਲੋਬੀਆਂ), ਟੀਂਡਾ, ਹਲਵਾ ਕੱਦੂ, ਤਰ, ਕਰੇਲਾ ਆਦਿ ਹਨ। ਇਨ੍ਹਾਂ ਦੀ ਇਸ ਸਮੇਂ ਦੌਰਾਨ ਬਿਜਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਸ ਕਿੱਟ ਨਾਲ 5-6 ਮਰਲੇ ਵਿੱਚ ਬਿਜਾਈ ਕਰਕੇ 4-5 ਪਰਿਵਾਰਕ ਮੈਂਬਰਾਂ ਦੀ ਸਬਜ਼ੀਆਂ ਦੀ ਲੋੜ ਪੂਰੀ ਕੀਤੀ ਜਾ ਸਕਦੀ ਹੈ। ਇੱਕ ਸਬਜ਼ੀ ਬੀਜ ਕਿੱਟ ਦੀ ਕੀਮਤ 80 ਰੁਪਏ ਹੈ ਅਤੇ ਇਹ ਸਬਜ਼ੀ ਬੀਜ ਕਿੱਟਾਂ ਬਾਗਬਾਨੀ ਵਿਭਾਗ



ਦੇ ਮੁੱਖ ਦਫ਼ਤਰ ਜਾਂ ਬਲਾਕਾਂ ਦੇ ਦਫ਼ਤਰਾਂ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ

ਇਸ ਮੌਕੇ ਬਾਗਬਾਨੀ ਵਿਕਾਸ ਅਫ਼ਸਰ ਜੋਬਨਪ੍ਰੀਤ ਸਿੰਘ ਵੀ ਮੌਜੂਦ

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
82880 21797
82880 21798
WWW.JSDCGROUP.COM
ਲਾਇਸੰਸ ਨੰ: B-1303/PUN/PER/1000+/5/9437/2018
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow!
150+ Placements
18+ MOUs with Industries
upto 100% Scholarship Schemes
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS
SINCE 1958
64 YEARS EXCELLENCE
MORE THAN
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING
HOTEL MANAGEMENT
MANAGEMENT & COMMERCE
DEGREE COURSES
PARAMEDICAL COURSES
POLYTECHNIC DIPLOMA
MEDIA & FASHION
INFORMATION TECHNOLOGY
LAW
TEACHER / PROFESSIONAL EDUCATION
NURSING TRAINING
ARCHITECTURE
INDUSTRIAL TRAINING INSTITUTE
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
www.stsoldiergroup.com